ਰਾਧਾ ਸੁਆਮੀ ਮਤ ਦਰਪਣ

ਗਿਆਨੀ ਪ੍ਰਤਾਪ ਸਿੰਘ

ੴ ਸਤਿਗੁਰਪ੍ਰਸਾਦਿ ॥

ਰਾਧਾ ਸੁਆਮੀ ਮਤ ਦਰਪਣ

ਲੇਖਕ :
ਗਿਆਨੀ ਪ੍ਰਤਾਪ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ

ISBN 81-7205-177-8

ਨਵੇਂ ਰੂਪ ਵਿਚ
ਚੌਥੀ ਵਾਰ ਮਾਰਚ ੧੯੯੭

ਪੰਜਵੀਂ ਵਾਰ ਅਗਸਤ ੨੦੦੦

ਮੁੱਲ : ੨੦-੦੦

ਟਾਈਪਸੈੱਟਰ :

ਕੇ. ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

ਪ੍ਰਿੰਟਰ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਮੁਖ-ਬੰਧ

੧੯੩੨ ਈ: ਵਿਚ ਜਦ ਅਸੀਂ ਸ਼੍ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਸੀ, ਉਸ ਵੇਲੇ ਸਾਡੇ ਇਕ ਸਾਥੀ ਗਿਆਨੀ ਹਰਿਚਰਨ ਸਿੰਘ, ਰਾਧਾ ਸੁਆਮੀ ਡੇਰਾ ਬਿਆਸ ਦੇ ਲਾਗੇ ਇਕ ਛੋਟਾ ਜਿਹਾ ਗੁਰਦੁਆਰਾ ਬਣਾ ਕੇ ਹਰ ਮਹੀਨੇ 'ਰਾਧਾ ਸੁਆਮੀ ਮਤ ਵਿਚਾਰਨੀ ਸਭਾ' ਵਲੋਂ ਦੀਵਾਨ ਤੇ ਪ੍ਰਚਾਰ ਕਰਦੇ ਸਨ। ਸਾਨੂੰ ਵੀ ਕਈ ਵਾਰ ਉਥੇ ਜਾਣ ਦਾ ਅਵਸਰ ਮਿਲਿਆ।

ਇਸ ਤੋਂ ਬਿਨਾਂ ਬਾਬੂ ਸਾਵਣ ਸਿੰਘ ਜੀ ਬਿਆਸ ਵਾਲੇ ਰਾਵਲਪਿੰਡੀ, ਕੋਹਮਰੀ, ਐਬਟਾਬਾਦ ਆਦਿਕ ਥਾਵਾਂ 'ਤੇ ਰਹਿ ਆਏ ਸਨ। ਉਨ੍ਹਾਂ ਨੇ ਉਥੇ ਨੌਕਰੀ ਸਮੇਂ ਕੁਝ ਆਦਮੀ ਚੇਲੇ ਬਣਾਏ ਤੇ ਪ੍ਰਚਾਰ ਲਈ ਜਾਂਦੇ ਸਨ। ਉਨ੍ਹਾਂ ਦੇ ਮੁਕਾਬਲੇ ਉਤੇ ਰਾਵਲਪਿੰਡੀ ਤੇ ਐਬਟਾਬਾਦ ਦੀਆਂ ਸਿੰਘ ਸਭਾਵਾਂ ਵਲੋਂ ਵੀ ਰਾਧਾਂ ਸੁਆਮੀ ਮਤ ਦੀ ਅਸਲੀਅਤ ਪ੍ਰਗਟ ਕਰਨ ਲਈ ਦੀਵਾਨ ਕੀਤੇ ਜਾਂਦੇ ਸਨ। ਉਨ੍ਹਾਂ ਵਿਚ ਵੀ ਜਾਣ ਦਾ ਮੌਕਾ ਮਿਲਿਆ।

ਉਨ੍ਹਾਂ ਦਿਨਾਂ ਵਿਚ ਅਸੀਂ ਇਕ ਟ੍ਰੈਕਟ *ਰਾਧਾ ਸੁਆਮੀ ਮਤ ਦਰਪਣ* ਲਿਖਿਆ ਤੇ ਪ੍ਰਚਾਰ ਹਿਤ ਸੰਗਤਾਂ ਦੀ ਸੇਵਾ ਵਿਚ ਭੇਟ ਕੀਤਾ। ਉਸ ਟ੍ਰੈਕਟ ਦੇ ਪ੍ਰਕਾਸ਼ਤ ਕਰਨ ਵਿਚ ਸਵਰਗੀ ਭਾਈ ਲਾਭ ਸਿੰਘ ਗ੍ਰੰਥੀ ਦਰਬਾਰ ਸਾਹਿਬ ਨੇ ਬਹੁਤ ਸਹਾਇਤਾ ਕੀਤੀ। ਉਪਰੰਤ ਆਗਰਾ, ਬਨਾਰਸ ਤੇ ਅਲਾਹਾਬਾਦ ਦੇ ਰਾਧਾ ਸੁਆਮੀ ਕੇਂਦਰਾਂ ਵਿਚ ਜਾ ਕੇ ਇਸ ਮਤ ਦਾ ਮੁਤਾਲਿਆ ਕੀਤਾ। ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ ਸਾਹਿਤ ਵੀ ਪੜ੍ਹਿਆ। ਕਈ ਚੀਜ਼ਾਂ ਨੋਟ ਕੀਤੀਆਂ। ਉਸ ਤਜਰਬੇ, ਮੁਤਾਲਿਆ ਤੇ ਅਨੁਭਵ ਤੋਂ ਇਸ ਮਤ ਦੀ ਖੋਜ ਵਿਚ ਕਾਫ਼ੀ ਵਾਧਾ ਹੋਇਆ, ਜਿਸ ਨੂੰ *ਰਾਧਾ ਸੁਆਮੀ ਮਤ ਦਰਪਣ* ਦੀ ਇਸ ਦੂਜੀ ਐਡੀਸ਼ਨ ਵਿਚ ਪੇਸ਼ ਕੀਤਾ ਗਿਆ ਹੈ।

ਇਸ ਪੁਸਤਕ ਵਿਚ ਰਾਧਾ ਸੁਆਮੀ ਨਾਮ ਦੀ ਅਸਲੀਅਤ, ਮਤ ਦੀ ਫ਼ਿਲਾਸਫ਼ੀ, ਇਤਿਹਾਸ, ਅੰਤ੍ਰੀਵ ਅਭਿਆਸ, ਉਸ ਦੀਆਂ ਸਟੇਜਾਂ, ਗੁਰੂ ਦੀ

ਜੂਠ ਖਾਣ ਤੇ ਗੁਰੂ-ਡੰਮ੍ਹ ਦੇ ਕਾਰਨ, ਕਈ ਕਾਇਮ ਹੋ ਚੁੱਕੀਆਂ ਗੱਦੀਆਂ ਦਾ ਵਰਣਨ ਕੀਤਾ ਗਿਆ ਹੈ।

ਚੂੰਕਿ ਇਸ ਮਤ ਦੇ ਬਾਨੀ ਸੁਆਮੀ ਸ਼ਿਵ ਦਿਆਲ ਸਿੰਹੁ ਗੁਰਬਾਣੀ ਤੋਂ ਪ੍ਰਭਾਵਤ ਹੋਏ ਸਨ, ਬਿਆਸ ਵਾਲੇ ਆਪਣੇ ਗੁਰੂ-ਡੰਮ੍ਹ ਦੇ ਪ੍ਰਚਾਰ ਲਈ ਗੁਰਬਾਣੀ ਦੀ ਆੜ ਲੈਂਦੇ ਹਨ, ਇਸ ਲਈ ਕਿਸੇ ਕਿਸੇ ਥਾਂ ਗੁਰਮਤਿ ਤੇ ਰਾਧਾ ਸੁਆਮੀ ਮਤ ਦਾ ਟਾਕਰਾ ਵੀ ਕੀਤਾ ਹੈ; ਆਲੋਚਨਾ ਵੀ ਕੀਤੀ ਹੈ। ਕਈ ਸੱਜਣਾਂ ਨੇ ਇਸ ਦੇ ਪ੍ਰਕਾਸ਼ਤ ਕਰਨ ਅਤੇ ਸ: ਧਰਮਾਨੰਤ ਸਿੰਘ ਜੀ ਨੇ ਲਿਖਤ ਵਿਚ ਮਦਦ ਕੀਤੀ ਹੈ। ਉਨ੍ਹਾਂ ਦਾ ਹਾਰਦਿਕ ਧੰਨਵਾਦ।

ਆਸ ਹੈ ਕਿ ਪਾਠਕਾਂ ਨੂੰ ਰਾਧਾ ਸੁਆਮੀ ਮਤ ਬਾਰੇ ਜਾਣਕਾਰੀ ਲਈ ਇਸ ਪੁਸਤਕ ਤੋਂ ਲਾਭ ਪੁਜੇਗਾ। ਪਾਠਕ ਜੇ ਕੋਈ ਤਰੁਟੀ ਵੇਖਣ ਤਾਂ ਲਿਖ ਭੇਜਣ।

ਅੰਮ੍ਰਿਤਸਰ
ਪ੍ਰਤਾਪ ਸਿੰਘ ਗਿਆਨੀ

੫ ਜੁਲਾਈ, ੧੯੬੯

ਰਾਧਾ ਸੁਆਮੀ ਮਤ

ਸ੍ਰੀ ਸ਼ਿਵ ਦਿਆਲ ਦਾ ਜੀਵਨ ਤੇ ਵੰਸ਼ ਦਾ ਹਾਲ

ਭਾਰਤ ਵਿਚ ਉਨ੍ਹੀਵੀਂ ਸਦੀ ਦੇ ਮੱਧ ਅਤੇ ਅੰਗਰੇਜ਼ੀ ਰਾਜ ਸਮੇਂ ਜਿਨ੍ਹਾਂ ਨਵੀਨ ਧਾਰਮਿਕ ਸੰਪਰਦਾਵਾਂ ਦਾ ਜਨਮ ਹੋਇਆ, ਉਨ੍ਹਾਂ ਵਿਚੋਂ ਬ੍ਰਹਮੂ ਸਮਾਜ, ਆਰੀਆ ਸਮਾਜ, ਦੇਵ ਸਮਾਜ ਤੇ ਰਾਧਾ ਸੁਆਮੀ ਹਨ।

ਰਾਧਾ ਸੁਆਮੀ ਮਤ ਦੇ ਬਾਨੀ ਸ੍ਰੀ ਸ਼ਿਵ ਦਿਆਲ ਸਿੰਘ ਆਗਰੇ ਦੇ ਖੱਤਰੀ ਸਨ, ਜਿਨ੍ਹਾਂ ਦਾ ਪਿੱਛਾ ਲਾਹੌਰ ਦਾ ਸੀ। ਇਨ੍ਹਾਂ ਦੇ ਵਡੇਰੇ ਗੁਰੂ ਨਾਨਕ ਦੇਵ ਨੂੰ ਮੰਨਣ ਵਾਲੇ ਸਹਿਜਧਾਰੀ ਸਿਖ ਸਨ। ਆਗਰੇ ਵਿਚ ਸ੍ਰੀ ਸ਼ਿਵ ਦਿਆਲ ਸਿੰਘ ਭਜਨ ਸਿਮਰਨ ਤੇ ਸਤਿਸੰਗ ਕਰਦੇ ਸਨ। ਆਪ ਦੇ ਪ੍ਰੇਮੀ ਆਪ ਨੂੰ 'ਸੁਆਮੀ' ਦੀ ਪਦਵੀ ਨਾਲ ਸੰਬੋਧਨ ਕਰਦੇ ਸਨ, ਜਿਹਾ ਕਿ ਹਿੰਦੂ ਸੰਤਾਂ ਸਾਧੂਆਂ ਨੂੰ ਸੁਆਮੀ ਜੀ ਕਿਹਾ ਜਾਂਦਾ ਹੈ। 'ਰਾਧਾ' ਆਪਦੀ ਇਸਤਰੀ ਦਾ ਨਾਂ ਸੀ। ਸ੍ਰੀ ਸ਼ਿਵ ਦਿਆਲ ਦੇ ਉਤਰ-ਅਧਿਕਾਰੀਆਂ ਨੇ ਰਾਧਾ ਸੁਆਮੀ ਨਾਮ ਦਾ ਮਤ ਚਲਾ ਲਿਆ।

ਇਸ ਮਤ ਉਪਰ ਕਬੀਰ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ, ਕੁਝ ਪੁਰਾਣੇ ਜੋਗ ਮਤ, ਵੈਸ਼ਨਵਾਂ ਅਤੇ ਸੂਫ਼ੀ ਫ਼ਕੀਰਾਂ ਦੇ ਵਿਚਾਰਾਂ ਦਾ ਮਿਲਵਾਂ ਅਸਰ ਹੈ। ਇਹ ਉਪ੍ਰੋਕਤ ਮਿਲਵੇਂ ਪ੍ਰਭਾਵਾਂ ਦਾ ਇਕ ਤਰ੍ਹਾਂ ਸੰਗਮ ਹੈ।

ਬਾਅਦ ਵਿਚ ਇਸ ਉਤੇ ਕੁਝ ਅੰਗਰੇਜ਼ੀ ਤਾਲੀਮ ਅਤੇ ਪੱਛਮੀ ਸਭਿਅਤਾ ਦਾ ਪ੍ਰਭਾਵ ਵੀ ਪਿਆ ਹੈ। ਰਾਧਾ ਸੁਆਮੀ ਮਤ ਵਿਚ ਸ਼ਖ਼ਸੀ ਗੁਰੂ ਦੀ ਪੂਜਾ, ਸ਼ਬਦ ਸੁਰਤਿ ਦਾ ਅਭਿਆਸ, ਤ੍ਰਿਕੁਟੀ, ਸੁੰਨ ਗੁਫ਼ਾ ਤੇ ਦਸਮ ਦੁਆਰ ਵਿਚ ਸੁਰਤਿ ਚੜ੍ਹਾ ਕੇ ਅਨਹਦ ਸ਼ਬਦ ਸੁਣਨ ਤੇ ਕਲਪਤ ਰਾਧਾ ਸੁਆਮੀ ਧਾਮ ਤੀਕ ਪੁਜਣ ਦੀ ਸਿਖਿਆ ਦਿੱਤੀ ਜਾਂਦੀ ਹੈ। 'ਪ੍ਰਸਾਦੀ' ਅਰਥਾਤ ਗੁਰੂ ਦੀ ਜੂਠ ਖਾਣ ਨੂੰ ਪੁੰਨ ਕਰਮ ਸਮਝਿਆ ਜਾਂਦਾ ਹੈ।

ਇਸ ਮਤ ਦੇ ਬਹੁਤ ਸਾਰੇ ਗੁਰੂ ਅੰਗਰੇਜ਼ੀ ਸਰਕਾਰ ਦੀ ਨੌਕਰੀ ਦੀ ਖਾਣ ਵਿਚੋਂ ਪ੍ਰਗਟ ਹੋਏ ਹਨ। ਕਈਆਂ ਨੂੰ ਸਰਕਾਰ ਨੇ 'ਰਾਇ ਬਹਾਦਰ' ਤੇ 'ਸਰ' ਦੇ ਖ਼ਿਤਾਬ ਵੀ ਦਿੱਤੇ। ਕਈ ਰੀਟਾਇਰਡ ਤੇ ਪੈਨਸ਼ਨਰ ਸਨ। ਆਰੰਭ ਵਿਚ ਕਈ ਗੁਰੂਆਂ ਨੂੰ ਮੰਨਣ ਵਾਲੇ ਵਧੇਰੇ ਸਰਕਾਰੀ ਮੁਲਾਜ਼ਮ ਹੀ ਸਨ। *ਸਾਰ ਬਚਨ* ਇਸ ਮਤ ਦੀ ਪ੍ਰਸਿੱਧ ਪੁਸਤਕ ਹੈ। ਸ਼ਖ਼ਸੀ ਪੂਜਾ ਤੇ ਗੁਰੂ-ਡੰਮ੍ਹ ਦੇ ਕਾਰਨ ਸੌ ਸਾਲ ਦੇ ਸਮੇਂ ਵਿਚ ਇਸ ਮਤ ਦੀਆਂ ਕਈਆਂ ਗੁਰੂ-ਗੱਦੀਆਂ ਤੇ ਸ਼ਾਖ਼ਾਂ ਬਣ ਗਈਆਂ ਹਨ। ਗੱਦੀਆਂ ਦੇ ਕਾਰਨ ਮਤ ਵਿਚ ਇੰਤਸ਼ਾਰ ਪੈਦਾ ਹੋ ਗਿਆ ਹੈ। ਇਸ ਦਾ ਇਕ ਕੇਂਦਰ ਆਗਰੇ ਵਿਚ ਹੈ। ਦੂਸਰੀ ਸ਼ਾਖ਼ ਬਿਆਸ (ਪੰਜਾਬ) ਵਿਚ ਵੀ ਹੈ। ਯੂ.ਪੀ. ਤੇ ਪੰਜਾਬ ਵਿਚ ਹੀ ਇਸਦਾ ਕੁਝ ਅਸਰ ਹੈ।

ਸ੍ਰੀ ਸ਼ਿਵ ਦਿਆਲ ਸਿੰਹੁ ਦਾ ਜਨਮ

ਰਾਧਾ ਸੁਆਮੀ ਮਤ ਦੇ ਬਾਨੀ ਸ੍ਰੀ ਸ਼ਿਵ ਦਿਆਲ ਸਿੰਹੁ ਦਾ ਜਨਮ ਭਾਦਰੋਂ ਵਦੀ ਅਸ਼ਟਮੀ, ਸੰਮਤ ੧੮੭੫ ਬਿ: ਮੁਤਾਬਕ ੪ ਅਗਸਤ ਸੰਨ ੧੮੧੮ ਈ: ਨੂੰ ਪੰਨੀ ਗਲੀ ਆਗਰੇ ਵਿਚ ਲਾਲਾ ਦਿਲਵਾਲੀ ਸਿੰਹੁ ਖੱਤਰੀ ਦੇ ਘਰ ਮਾਤਾ ਮਹਾ ਮਾਇਆ ਤੋਂ ਹੋਇਆ। ਉਨ੍ਹਾਂ ਦੀ ਮਾਤਾ ਹਾਥਰਸ (ਯੂ.ਪੀ.) ਦੇ ਕੂੰਡਾ ਪੰਥੀ ਤੁਲਸੀ ਦਾਸ ਦੀ ਲੜਕੀ ਸੀ। ਇਹ ਖ਼ਾਨਦਾਨ ਲਾਹੌਰ ਤੋਂ ਆਗਰੇ ਵਿਚ ਜਾ ਕੇ ਵਸਿਆ ਸੀ। ਇਸ ਲਈ ਪੰਜਾਬੀ ਹੋਣ ਕਰਕੇ ਇਸ ਉਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਡੂੰਘਾ ਪ੍ਰਭਾਵ ਸੀ। ਸ੍ਰੀ ਸ਼ਿਵ ਦਿਆਲ ਦੇ ਪਿਤਾ ਲਾਲਾ ਦਿਲਵਾਲੀ ਸਿੰਹੁ ਸਹਿਜਧਾਰੀ ਸਿਖ ਅਤੇ ਗੁਰੂ ਨਾਨਕ ਸਾਹਿਬ ਦੀ ਟੇਕ ਰਖਦੇ ਸਨ। ਗੁਰਬਾਣੀ ਦੇ ਬੜੇ ਪ੍ਰੇਮੀ ਸਨ।

ਸ੍ਰੀ ਸ਼ਿਵ ਦਿਆਲ ਸਿੰਹੁ ਦੇ ਦਾਦਾ ਨਾਨਕ ਚੰਦ ਵੀ ਗੁਰੂ-ਘਰ ਦੇ ਪ੍ਰੇਮੀ ਸਨ। ਉਨ੍ਹਾਂ ਦੀ ਫ਼ਾਰਸੀ ਵਿਚ ਲਿਖੀ ਹੋਈ 'ਸੁਖਮਨੀ ਸਾਹਿਬ' ਦੀ ਪੋਥੀ ਇਸ ਖ਼ਾਨਦਾਨ ਪਾਸ ਮੌਜੂਦ ਹੈ।[੧]

ਸ੍ਰੀ ਸ਼ਿਵ ਦਿਆਲ ਸਿੰਹੁ ਦੇ ਦੋ ਭਰਾ ਸਨ—ਇਕ ਲਾਲਾ ਪ੍ਰਤਾਪ ਸਿੰਹੁ, ਦੂਸਰੇ ਰਾਇ ਬ੍ਰਿੰਦਾ ਬਨ। ਦੋਵੇਂ ਗੁਰੂ ਬਾਣੀ ਦੇ ਜਾਣੂ ਨਿਰਮਲੇ ਤੇ ਉਦਾਸੀ ਸੰਤਾਂ ਦੇ ਸਤਿਸੰਗੀ ਸਨ।

ਪਿਤਾ ਪੁਰਖੀ ਪ੍ਰਭਾਵਾਂ ਦੇ ਕਾਰਨ ਸ੍ਰੀ ਸ਼ਿਵ ਦਿਆਲ ਸਿੰਹੁ 'ਤੇ ਬਚਪਨ ਤੋਂ ਹੀ ਸਿੱਖੀ ਤੇ ਗੁਰਬਾਣੀ ਦਾ ਡੂੰਘਾ ਅਸਰ ਸੀ।

---

੧. *ਜੀਵਨ ਚਰਿਤ੍ਰ ਸ੍ਰੀ ਸ਼ਿਵ ਦਿਆਲ,* ਹਿੰਦੀ ਲਿਖਤ ਲਾਲਾ ਪ੍ਰਤਾਪ ਸਿੰਹੁ, ਸਫ਼ਾ ੫।

ਵਿਦਿਆ

ਉਨ੍ਹਾਂ ਦੇ ਬਚਪਨ ਦੇ ਕੋਈ ਖ਼ਾਸ ਸਮਾਚਾਰ ਨਹੀਂ ਮਿਲਦੇ। ਪਰ ਇਤਨਾ ਜ਼ਰੂਰ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਸਕੂਲ ਵਿਚ ਫ਼ਾਰਸੀ ਤੇ ਉਰਦੂ ਪੜ੍ਹੀ। ਮੁਗ਼ਲ ਬਾਦਸ਼ਾਹਾਂ ਦੀ ਰਾਜਧਾਨੀ ਤੇ ਨਵਾਬਾਂ ਦੇ ਕੇਂਦਰ ਹੋਣ ਕਰਕੇ ਦਿੱਲੀ, ਆਗਰਾ ਅਤੇ ਲਖਨਊ ਫ਼ਾਰਸੀ ਉਰਦੂ ਦੇ ਗੜ੍ਹ ਸਨ। ਇਥੇ ਸ਼ਾਹੀ ਦਰਬਾਰਾਂ ਵਿਚ ਮੁਸ਼ਾਇਰੇ ਹੁੰਦੇ ਅਤੇ ਅਦਬੀ ਮਜਲਸਾਂ ਲਗਦੀਆਂ ਸਨ।

ਸੋ, ਆਗਰੇ ਦੇ ਵਸਨੀਕ ਹੋਣ ਕਰਕੇ ਸ੍ਰੀ ਸ਼ਿਵ ਦਿਆਲ ਸਿੰਹ ਨੇ ਫ਼ਾਰਸੀ, ਉਰਦੂ ਚੰਗੀ ਤਰ੍ਹਾਂ ਪੜ੍ਹੀ। ਜਿਸ ਕਰਕੇ ਉਨ੍ਹਾਂ ਉਪਰ ਸੂਫ਼ੀ ਵਿਚਾਰਾਂ ਦਾ ਪ੍ਰਭਾਵ ਵੀ ਪਿਆ ਜਾਪਦਾ ਹੈ।

ਨੌਕਰੀ

ਸਕੂਲ ਵਿਚ ਫ਼ਾਰਸੀ ਪੜ੍ਹਨ ਦੇ ਬਾਅਦ ਸ੍ਰੀ ਸ਼ਿਵ ਦਿਆਲ ਨੇ ਬਾਂਦਾ (ਯੂ.ਪੀ.) ਵਿਚ ਨੌਕਰੀ ਕਰ ਲਈ।

ਸ਼ਾਦੀ

ਕੁਝ ਸਮੇਂ ਉਪਰੰਤ ਇਨ੍ਹਾਂ ਦੀ ਸ਼ਾਦੀ ਲਾਲਾ ਇਜ਼ਤ ਰਾਇ, ਫ਼ਰੀਦਾਬਾਦ (ਦਿੱਲੀ), ਦੀ ਲੜਕੀ ਰਾਧਾ ਨਾਲ ਹੋਈ।

ਸੁਆਮੀ ਜੀ ਦੇ ਪਿਤਾ ਲਾਲਾ ਦਿਲਵਾਲੀ ਸਿੰਹੁ ਨੇ ਆਪਣੇ ਕੁੜਮ ਇਜ਼ਤ ਰਾਇ ਨੂੰ ਲਿਖਿਆ ਕਿ ਸ਼ਿਵ ਦਿਆਲ ਨੂੰ ਕਿਤੇ ਚੰਗੀ ਥਾਂ ਨੌਕਰ ਕਰਵਾ ਦਿਉ। ਉਨ੍ਹਾਂ ਨੇ ਰਾਜਾ ਬੱਲਭਗੜ੍ਹ ਪਾਸ ਫ਼ਾਰਸੀ ਪੜ੍ਹਾਉਣ ਲਈ ਨੌਕਰ ਕਰਵਾ ਦਿੱਤਾ।

ਨਿਰਮਲੇ ਸੰਤਾਂ ਦੀ ਸੰਗਤ

ਪਿਛੇ ਅਸੀਂ ਟੂਕ ਮਾਤਰ ਦੱਸ ਆਏ ਹਾਂ ਕਿ ਸ੍ਰੀ ਸ਼ਿਵ ਦਿਆਲ ਸਿੰਹੁ ਖ਼ਾਨਦਾਨੀ ਤੌਰ 'ਤੇ ਨਾਨਕ-ਪੰਥੀ ਸਨ। ਆਗਰੇ ਵਿਚ ਆਪ ਦੀ ਸੰਗਤ ਇਕ ਨਿਰਮਲੇ ਸੰਤ ਦੀਦਾਰ ਸਿੰਘ ਨਾਲ ਹੋਈ, ਜੋ ਪਿਛੋਂ ਗਿੱਲ, ਜ਼ਿਲ੍ਹਾ ਲੁਧਿਆਣਾ ਦੇ ਸਨ। ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਤਿਹਾਸਕ ਗੁਰਦੁਆਰਾ ਮਾਈ ਥਾਨ ਆਗਰੇ ਦੇ ਮਹੰਤ ਸਨ। ਉਹ ਚੰਗੇ ਵਿਦਵਾਨ ਤੇ ਅਭਿਆਸੀ ਸਨ। ਸੁੰਦਰ ਬਸਤਰ ਤੇ ਕੜੇ ਆਦਿਕ ਪਹਿਨਦੇ ਸਨ। ਇਸ ਲਈ ਕਈ ਲੋਕ ਉਨ੍ਹਾਂ ਨੂੰ 'ਮੌਜ ਪ੍ਰਕਾਸ਼' ਦੇ ਉਪਨਾਮ ਨਾਲ ਸੱਦਦੇ ਸਨ।

ਸੰਤ ਦੀਦਾਰ ਸਿੰਘ ਗੁਰਦੁਆਰਾ ਮਾਈ ਥਾਨ, ਆਗਰਾ ਵਿਚ ਗੁਰਬਾਣੀ ਦੀ ਕਥਾ ਤੇ ਸਤਿਸੰਗ ਕਰਦੇ ਸਨ। ਸ੍ਰੀ ਸ਼ਿਵ ਦਿਆਲ ਜੀ ਉਨ੍ਹਾਂ ਦੇ ਸਤਿਸੰਗੀ ਬਣ ਗਏ। ਸੰਤ ਜੀ ਪਾਸੋਂ ਆਪ ਨੇ ਗੁਰਬਾਣੀ ਦੀ ਵਿਚਾਰ, ਕਥਾ ਤੇ ਸ਼ਬਦ ਸੁਰਤਿ ਦੇ ਅਭਿਆਸ ਦੀ ਜੁਗਤਿ ਸਿੱਖੀ।[੧]

ਸੰਤ ਜੀ ਤੋਂ ਸਿਖਿਆ ਪ੍ਰਾਪਤ ਕਰ ਕੇ ਸ੍ਰੀ ਸ਼ਿਵ ਦਿਆਲ ਸਿੰਹੁ ਵੀ ਗੁਰਦੁਆਰਾ ਮਾਈ ਥਾਨ, ਆਗਰਾ ਵਿਚ ਗੁਰਬਾਣੀ ਦੀ ਵਿਚਾਰ ਤੇ ਸਤਿਸੰਗ ਵਿਚ ਕਥਾ ਕਰਨ ਲਗ ਪਏ। ਕੁਝ ਲੋਕੀ ਉਨ੍ਹਾਂ ਦੇ ਸਤਿਸੰਗੀ ਬਣ ਗਏ।

ਉਨ੍ਹਾਂ ਦਿਨਾਂ ਵਿਚ ਕੁਝ ਸਿਖ ਫ਼ੌਜਾਂ ਆਗਰੇ ਛਾਉਣੀ ਵਿਚ ਸਨ। ਉਨ੍ਹਾਂ ਵਿਚੋਂ ਕਈ ਸਿੰਘ ਮਾਈ ਥਾਨ ਦੇ ਦਰਸ਼ਨ ਕਰਨ ਲਈ ਜਾਂਦੇ ਸਨ।

ਰਾਧਾ ਸੁਆਮੀਆਂ ਦੀ ਬਿਆਸ ਵਾਲੀ ਗੱਦੀ ਦੇ ਮੋਢੀ ਬਾਬਾ ਜੈਮਲ ਸਿੰਘ ਘੁਮਾਣ, ਜ਼ਿਲ੍ਹਾ ਗੁਰਦਾਸਪੁਰ, ਉਨ੍ਹਾਂ ਦਿਨਾਂ ਵਿਚ ਫ਼ੌਜ ਵਿਚ ਨੌਕਰ ਸਨ, ਉਨ੍ਹਾਂ ਦੀ ਪਲਟਨ ਆਗਰੇ ਵਿਚ ਸੀ। ਬਾਬਾ ਜੈਮਲ ਸਿੰਘ ਦਾ ਮੇਲ ਗੁਰਦੁਆਰਾ ਮਾਈ ਥਾਨ ਵਿਚ ਸ੍ਰੀ ਸ਼ਿਵ ਦਿਆਲ ਸਿੰਹੁ ਨਾਲ ਹੋਇਆ। ਗੁਰਬਾਣੀ ਦੀ ਕਥਾ ਸੁਣ ਕੇ ਉਨ੍ਹਾਂ ਦੇ ਸਤਿਸੰਗੀ ਬਣ ਗਏ। ਯੂ.ਪੀ. ਵਿਚ ਰਹਿਣ ਕਰਕੇ ਸ੍ਰੀ ਸ਼ਿਵ ਦਿਆਲ ਨੂੰ ਪਾਨ-ਬੀੜੀ ਖਾਣ ਤੇ ਹੁੱਕਾ ਪੀਣ ਦੀ ਵਾਦੀ ਪੈ ਗਈ, ਜਿਸਦਾ ਵਰਣਨ ਰਾਧਾ ਸੁਆਮੀਆਂ ਦੇ ਪ੍ਰਸਿੱਧ ਗ੍ਰੰਥ *ਸਾਰ ਬਚਨ* ਵਿਚ ਵੀ ਮਿਲਦਾ ਹੈ। ਸਿਖ ਪਾਨ-ਬੀੜੀ ਜਾਂ ਤਮਾਕੂ ਤੋਂ ਸਖ਼ਤ ਨਫ਼ਰਤ ਕਰਦੇ ਹਨ, ਇਸ ਲਈ ਜਾਪਦਾ ਇਹ ਹੈ ਕਿ ਹੁੱਕਾ ਪੀਣ ਤੇ ਬੀੜੀ-ਪਾਨ ਕਰਨ ਕਰਕੇ ਕਈ ਸਥਾਨਕ ਸਿਖ ਤੇ ਫ਼ੌਜੀ ਸਿੰਘ ਸ੍ਰੀ ਸ਼ਿਵ ਦਿਆਲ ਦੇ ਗੁਰਦੁਆਰਾ ਮਾਈ ਥਾਨ ਵਿਚ ਕਥਾ ਕਰਨ ਉਪਰ ਇਤਰਾਜ਼ ਜਾਂ ਗ਼ਿਲਾਨੀ ਕਰਨ ਲਗ ਪਏ। ਇਸ ਲਈ ਉਨ੍ਹਾਂ ਨੇ ਗੁਰਦੁਆਰਾ ਮਾਈ ਥਾਨ ਵਿਚ ਕਥਾ ਕਰਨ ਦੀ ਬਜਾਏ ਆਪਣੇ ਘਰ ਪੰਨੀ ਗਲੀ, ਆਗਰੇ ਵਿਚ ਵੱਖਰਾ ਸਤਿਸੰਗ ਸ਼ੁਰੂ ਕਰ ਦਿੱਤਾ। ਜਿਸ ਵਿਚ ਉਹ ਗੁਰਬਾਣੀ ਦੀ ਕਥਾ ਤੇ ਸ਼ਬਦ ਸੁਰਤਿ ਦੇ ਅਭਿਆਸ ਦੀ ਵਿਚਾਰ ਕਰਦੇ ਸਨ। ਬਾਬਾ ਜੈਮਲ ਸਿੰਘ ਉਨ੍ਹਾਂ ਦੇ ਘਰ ਵੀ ਜਾਂਦੇ ਰਹੇ।

ਸੰਤ ਦੀਦਾਰ ਸਿੰਘ ਤੋਂ ਆਤਮਿਕ ਸਿਖਿਆ ਪ੍ਰਾਪਤ ਕਰਨ ਕਰਕੇ ਸ੍ਰੀ

---

੧. (ੳ) ਦੇਖੋ, *ਰਾਧਾ ਸੁਆਮੀ ਮਤ ਨਿਰਣਯ*, ਲਿਖਤ ਬਾਬਾ ਭੋਲਾ ਸਿੰਘ ਐਸ.ਡੀ.ਓ. ਨਾਰੰਗਵਾਲ, ਪੰਨਾ ੪, ਬਾਬਾ ਜੀ ਆਗਰੇ ਵਿਚ ਰਹੇ ਹਨ।

(ਅ) ਮਹੰਤ ਗਣੇਸ਼ਾ ਸਿੰਘ ਨੇ *ਭਾਰਤ ਮਤ ਦਰਪਣ* ਵਿਚ ਸ੍ਰੀ ਸ਼ਿਵ ਦਿਆਲ ਜੀ ਦੇ ਉਪਦੇਸ਼ ਕਰਤਾ ਦਾ ਨਾਂ ਸੰਤ ਦਇਆ ਸਿੰਘ ਲਿਖਿਆ ਹੈ। ਮੌਜ ਪ੍ਰਕਾਸ਼ ਉਨ੍ਹਾਂ ਦੇ ਚੇਲੇ ਦੱਸੇ ਜਾਂਦੇ ਹਨ।

ਸ਼ਿਵ ਦਿਆਲ ਉਤੇ ਗੁਰਬਾਣੀ ਦਾ ਪ੍ਰਭਾਵ ਕਾਇਮ ਰਿਹਾ। ਕਹਿੰਦੇ ਹਨ ਜਦ ਆਪਦੇ ਪਿਤਾ ਲਾਲਾ ਦਿਲਵਾਲੀ ਸਿੰਹੁ ਦਾ ਅੰਤ ਸਮਾਂ ਨੇੜੇ ਆਇਆ, ਤਦ ਸ੍ਰੀ ਸ਼ਿਵ ਦਿਆਲ ਸਿੰਹੁ ਪਿਤਾ ਜੀ ਕੋਲ ਬੈਠ ਕੇ ਗੁਰਬਾਣੀ ਦਾ ਪਾਠ ਕਰਨ ਲਗ ਪਏ। ਕੁਝ ਸੱਜਣਾਂ ਮਿਤਰਾਂ ਦੇ ਪੁੱਛਣ 'ਤੇ ਆਪ ਨੇ ਉੱਤਰ ਦਿੱਤਾ—"ਅੰਤ ਸਮੇਂ ਪਿਤਾ ਜੀ ਦੀ ਸੁਰਤਿ ਈਸ਼ਵਰ ਨਾਲ ਜੁੜੀ ਰਹੇ, ਇਸ ਲਈ ਅਸੀਂ ਗੁਰਬਾਣੀ ਦਾ ਪਾਠ ਕਰਦੇ ਹਾਂ।"[੧]

ਸ੍ਰੀ ਸ਼ਿਵ ਦਿਆਲ ਸਿੰਹੁ ਦੇ ਸਮੇਂ ਹੀ ਯੂ.ਪੀ. ਵਿਚ ਸੰਨ ੧੮੫੭ ਦਾ ਗ਼ਦਰ ਹੋਇਆ। ਅੰਗਰੇਜ਼ਾਂ ਨੇ ਆਗਰੇ ਵਿਚ ਬੜੀ ਸਖ਼ਤੀ ਕੀਤੀ। ਗ਼ਦਰ ਨੂੰ ਦਬਾਅ ਦਿੱਤਾ। ਪੂਰਬੀਆਂ ਦੀਆਂ ਜ਼ਮੀਨਾਂ ਖੋਹ ਕੇ ਉਨ੍ਹਾਂ ਨੂੰ ਘਾਹੀਏ ਅਤੇ ਸਾਈਸ ਬਣਾ ਦਿੱਤਾ। ਪਰ ਸ੍ਰੀ ਸ਼ਿਵ ਦਿਆਲ ਜਾਂ ਉਨ੍ਹਾਂ ਦੇ ਕਿਸੇ ਸਾਥੀ ਨੇ ੧੮੫੭ ਦੇ ਗ਼ਦਰ ਵਿਚ ਕੋਈ ਹਿੱਸਾ ਨਹੀਂ ਲਿਆ। ਲੋਕਾਂ ਉਪਰ ਹੋਈ ਸਖ਼ਤੀ ਦਾ ਕੋਈ ਵਿਰੋਧ ਨਹੀਂ ਕੀਤਾ। ਜਨਤਾ ਦੀ ਕੋਈ ਮਦਦ ਨਹੀਂ ਕੀਤੀ।

ਸਿਖ ਫ਼ੌਜ ਵਿਚੋਂ ਬਾਬਾ ਜੈਮਲ ਸਿੰਘ ਸੁਆਮੀ ਸ਼ਿਵ ਦਿਆਲ ਦੇ ਸੰਪਰਕ ਵਿਚ ਆਏ ਸਨ। ਦੂਸਰੇ ਆਗਰੇ ਦੇ ਇਕ [੨]ਕਾਇਸਥ ਰਾਇ ਸਾਲਗਰਾਮ ਆਪ ਦੇ ਚੇਲੇ ਬਣੇ। ਉਹ ਵੀ ਮਹਿਕਮਾ ਡਾਕਖ਼ਾਨੇ ਵਿਚ ਮੁਲਾਜ਼ਮ ਸਨ। ਯੂ.ਪੀ. ਦੇ ਪਹਿਲੇ ਪੋਸਟ ਮਾਸਟਰ ਜਨਰਲ ਹੋਏ। ਉਹੀ ਅਸਲ ਵਿਚ 'ਰਾਧਾ ਸੁਆਮੀ' ਨਾਮ ਦਾ ਮਤ ਚਲਾਉਣ ਵਾਲੇ ਹਨ। ਉਨ੍ਹਾਂ ਦੇ ਅਸਰ ਰਸੂਖ਼ ਦੇ ਕਾਰਨ ਵੀ ਕਈ ਆਦਮੀ ਇਸ ਮਤ ਵਿਚ ਸ਼ਾਮਲ ਹੋਏ।

ਰਾਇ ਬ੍ਰਿੰਦਾ ਬਨ

ਸ੍ਰੀ ਸ਼ਿਵ ਦਿਆਲ ਦੇ ਭਰਾ ਰਾਇ ਬ੍ਰਿੰਦਾ ਬਨ ਵੀ ਗੁਰੂ-ਘਰ ਤੇ ਗੁਰਬਾਣੀ ਦੇ ਬੜੇ ਪ੍ਰੇਮੀ ਸਨ। ਸੰਨ ੧੮੨੫ ਵਿਚ ਉਨ੍ਹਾਂ ਨੇ ਇਕ ਨਿਰਮਲੇ ਸੰਤ ਕਾਹਨ ਸਿੰਘ ਤੋਂ ਗੁਰਬਾਣੀ ਪੜ੍ਹੀ। ਬਾਬਾ ਅਮੀਰ ਚੰਦ ਬੇਦੀ ਤੋਂ ਵਾਹਿਗੁਰੂ ਮੰਤ੍ਰ ਲਿਆ।[੩]

ਰਾਇ ਬ੍ਰਿੰਦਾ ਬਨ ਸਿੰਹੁ ਡਾਕਖ਼ਾਨੇ ਵਿਚ ਨੌਕਰ ਸਨ। ਅਜੁਧਿਆ ਦੇ ਪੋਸਟ ਮਾਸਟਰ ਰਹੇ। ਉਹ ਡੇਰਾ ਰਾਣੋਪਾਲੀ (ਅਜੁਧਿਆ) ਦੇ ਉਦਾਸੀ ਮਹੰਤ ਬਾਵਾ

---

੧. ਦੇਖੋ *ਗਿਆਨ ਅੰਮ੍ਰਿਤ*, ਅਪ੍ਰੈਲ ੧੯੬੯ ਈ:, ਲੇਖ 'ਰਾਧਾ ਸੁਆਮੀ ਮਤ 'ਤੇ ਸਿੱਖੀ ਦਾ ਪ੍ਰਭਾਵ', ਸਫ਼ਾ ੩੫-੩੯।

੨. ਜਾਤੀ ਦਾ ਨਾਮ।

੩. *ਭਾਰਤ ਮਤ ਦਰਪਣ*, ਲਿਖਤ ਮਹੰਤ ਗਨੇਸ਼ਾ ਸਿੰਘ, ਪੰਨਾ ੨੨੫।

ਮਾਧੋ ਦਾਸ ਦੇ ਵੀ ਸਤਿਸੰਗੀ ਅਤੇ ਪ੍ਰੇਮੀ ਸਨ। ਗੁਰੂ-ਘਰ ਅਤੇ ਗੁਰਬਾਣੀ ਉਪਰ ਸ਼ਰਧਾ ਰਖਦੇ ਸਨ। 'ਸਤਿਨਾਮ ਵਾਹਿਗੁਰੂ' ਮੰਤ੍ਰ ਦਾ ਜਾਪ ਕਰਦੇ ਸਨ।

ਜਿਸ ਤਰ੍ਹਾਂ ਸ੍ਰੀ ਸ਼ਿਵ ਦਿਆਲ ਆਗਰੇ ਵਿਚ ਸਤਿਸੰਗ ਤੇ ਪ੍ਰਚਾਰ ਕਰਦੇ ਸਨ, ਇਸੇ ਤਰ੍ਹਾਂ ਰਾਇ ਬ੍ਰਿੰਦਾ ਬਨ ਸਿੰਹੁ ਨੇ ਵੀ ਸਤਿਸੰਗ ਤੇ ਪ੍ਰਚਾਰ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਪ੍ਰੇਮੀਆਂ ਨੇ 'ਬ੍ਰਿੰਦਾਬਨੀ ਅਖਾੜਾ' ਕਾਇਮ ਕੀਤਾ, ਜਿਸ ਨੂੰ ਆਮ ਲੋਕ ਛੋਟਾ 'ਨਿਰਮਲਾ ਅਖਾੜਾ' ਵੀ ਕਹਿੰਦੇ ਸਨ।

ਸੰਨ ੧੯੭੦ ਵਿਚ ਅਲਾਹਾਬਾਦ ਦੇ ਕੁੰਭ ਉਤੇ ਬ੍ਰਿੰਦਾਬਨੀ ਅਖਾੜੇ ਦਾ ਜਲੂਸ ਨਿਕਲਿਆ। ਮਹੰਤ ਅਟਲ ਸਰੂਪ (ਬਾਬਾ ਅਟਲ ਸਿੰਘ) ਉਸ ਜਲੂਸ ਦੇ ਮੁਖੀ ਸਨ। ਦੋ ਹਜ਼ਾਰ ਨਿਰਮਲੇ ਸਾਧੂ ਵੀ ਉਸ ਵਿਚ ਸ਼ਾਮਲ ਹੋਏ। ਰਾਇ ਬ੍ਰਿੰਦਾ ਬਨ ਆਗਰੇ ਤੋਂ ਉਸ ਜਲੂਸ ਵਿਚ ਸ਼ਾਮਲ ਹੋਣ ਲਈ ਪੁਜੇ। ਨਿਰਮਲ ਪੰਚਾਇਤੀ ਅਖਾੜੇ ਦੇ ਮਹੰਤ ਸ੍ਰੀ ਮਹਿਤਾਬ ਸਿੰਘ ਜੀ ਨੇ ਸ੍ਰੀ ਬ੍ਰਿੰਦਾ ਬਨ ਦਾ ਸੁਆਗਤ ਕੀਤਾ ਤੇ ਉਨ੍ਹਾਂ ਨੂੰ ਸਤਿਕਾਰ ਨਾਲ ਆਪਣੇ ਅਖਾੜੇ ਵਿਚ ਲੈ ਗਏ।

ਰਾਇ ਬ੍ਰਿੰਦਾ ਬਨ 'ਸਤਿਨਾਮ ਵਾਹਿਗੁਰੂ' ਦਾ ਅਭਿਆਸ ਕਰਦੇ ਸਨ। ਉਰਦੂ ਹਿੰਦੀ ਮਿਲਵੀਂ ਬੋਲੀ ਵਿਚ ਕਵਿਤਾ ਲਿਖਦੇ ਸਨ। ਉਨ੍ਹਾਂ ਦੀ ਕਵਿਤਾ ਵਿਚ ਲਿਖੀ ਹੋਈ ਇਕ ਪੁਸਤਕ *ਬਹਾਰ ਬ੍ਰਿੰਦਾ ਬਨ* ਹੈ, ਜੋ ਸੰਨ ੧੯੧੫ ਵਿਚ ਸਤਵੀਂ ਵੇਰ ਨਵਲ ਕਿਸ਼ੋਰ ਪ੍ਰੈਸ ਲਖਨਊ ਵਿਚ ਛਪੀ।

ਉਸ ਦਾ ਆਰੰਭ ਗੁਰਬਾਣੀ ਦੇ ਮੰਗਲ '੧ੴ ਸਤਿਨਾਮ ਗੁਰ ਪ੍ਰਸਾਦਿ' ਤੋਂ ਕੀਤਾ ਗਿਆ ਹੈ। ਉਸ ਦੇ ਦੋਹਰੇ ਹਨ :

੧ ਕਰੋਂ ਬੰਦਨਾ ਦੰਡਵਤ ਨਾਨਕ ਸ਼ਾਹ ਮਹਿਬੂਬ।
ਦਸੋਂ ਦਿਸ਼ਾ ਮੇਂ ਰਮ ਰਿਹਾ ਵਿਆਪਕ ਜਲ ਥਲ ਦੂਬ।

ਬਹਾਰ ਬ੍ਰਿੰਦਾ ਬਨ ਦੇ ਪੰਜ ਭਾਗ ਹਨ। ਹਰ ਭਾਗ ਦੇ ਆਰੰਭ ਵਿਚ '੧ੴ ਸਤਿਨਾਮ ਗੁਰ ਪ੍ਰਸਾਦਿ' ਦਾ ਮੰਗਲ ਦਰਜ ਹੈ।

ਉਸ ਦਾ ਇਕ ਦੋਹਰਾ ਹੈ :

ਵਾਹਿਗੁਰੂ ਜੋ ਚਿੱਤ ਧਰੈ, ਸੋ ਨਰ ਬਡੋ ਕੁਲੀਨ।
ਜਾ ਜਗ ਮਹਿ ਨਿਰਭੈ ਰਹੈ, ਪਾਵੈ ਮੁਕਤਿ ਪ੍ਰਬੀਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਪਮਾ ਕਰਦੇ ਹੋਏ ਲਿਖਿਆ ਹੈ :

ਗੁਰੂ ਤੇਗ ਬਹਾਦਰ ਨੇ ਬਨਾਏ ਹੈਂ ਸਭੀ ਕਾਮ।
ਕਾਟੇ ਹੈਂ ਜਗਤ ਫੰਧ ਲਖਾਇਆ ਹੈ ਗੁਰੂ ਨਾਮ।

ਇਹ ਵੀ ਲਿਖਿਆ ਹੈ:

ਗੁਰੂ ਨਾਨਕ ਸ਼ਾਹ ਫਕੀਰ।
ਹਿੰਦੂ ਕਾ ਗੁਰੂ ਔਰ ਮੁਸਲਮਾਨ ਕਾ ਪੀਰ।

ਗੁਰਬਾਣੀ ਦੀ ਮਹਿਮਾ ਕਰਦੇ ਹੋਏ ਲਿਖਿਆ ਹੈ:

"ਯਿਹ ਬਾਣੀ ਸ਼ਰਬਤ ਕਾ ਘੁੱਟ ਹੈ। ਪੜ੍ਹਤੇ ਹੀ ਸ਼ਾਂਤੀ ਪ੍ਰਾਪਤ ਹੋਤੀ ਹੈ। ਤੀਨੋਂ ਪਾਪੋਂ ਕਾ ਨਾਸ ਕਰਨੇ ਵਾਲੀ ਹੈ। ਔਰ ਬਾਣੀ ਮੇਂ ਕਿਸੀ ਕੀ ਨਿੰਦਾ ਨਹੀਂ ਕੇਵਲ ਮਾਲਕ ਕੀ ਓਰ ਅਨੁਰਾਗ, ਸੁਰਤਿ ਸ਼ਬਦ ਕਾ ਮੇਲ ਔਰ ਗਿਆਨ ਹੈ। ਪਹਿਲੇ ਸੁਖਮਨੀ ਕਾ ਪਾਠ ਕਰੋ, ਦੇਖੋ ਕਿਆ ਅਮੋਲ ਪਦਾਰਥ ਹੈ!"

(ਬਹਾਰ ਬ੍ਰਿੰਦਾ ਬਨ, ਸਫ਼ਾ ੨੯੦-੯੧)

ਵਾਹਿਗੁਰੂ ਸਿੱਖੀ ਦਾ ਗੁਰ-ਮੰਤ੍ਰ ਹੈ। ਜਿਹਾ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।੨।੧੩।

ਰਾਇ ਬ੍ਰਿੰਦਾ ਬਨ ਨੇ ਆਪਣੀ ਪੁਸਤਕ *ਬਹਾਰ ਬ੍ਰਿੰਦਾ ਬਨ* ਵਿਚ 'ਵਾਹਿਗੁਰੂ ਨਾਮਾ' ਦੇ ਸਿਰਲੇਖ ਹੇਠਾਂ ਚਾਰ ਚਾਰ ਚਰਨਾਂ ਦੇ ਅੱਠ ਛੰਦ ਲਿਖੇ ਹਨ, ਜਿਨ੍ਹਾਂ ਵਿਚੋਂ ਦੋ ਛੰਦ ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਕਰਦੇ ਹਾਂ। ਉਹ ਛੰਦ ਇਸ ਪ੍ਰਕਾਰ ਹਨ:

(੧) **ਯਿਹ ਦੁਨੀਆਂ ਜਾਏ[੧] ਕਿਆਮ[੨] ਨਹੀਂ, ਦੋ ਰੋਜ਼ ਮੇਂ ਯਹਾਂ ਸੇ ਜਾਨਾ ਹੈ।**
ਕਯੋਂ ਮਾਲ ਖ਼ਜ਼ਾਨਾ ਜਮ੍ਹਾ ਕੀਆ, ਕਿਸ ਵਾਸਤੇ ਤੰਬੂ ਤਾਨਾ ਹੈ।
ਕਯੋਂ ਦਾਮ[੩] ਮੇਂ ਦੁਨੀਆਂ ਕੇ ਆਇਆ, ਸੌਦਾਈ[੪] ਹੈ ਦੀਵਾਨਾ ਹੈ।
ਹਾਂ ਸਾਫ ਨਿਕਲ ਇਸ ਫੰਧੇ[੫] ਸੇ, ਐ ਜਾਨ ਅਗਰ ਮਰਦਾਨਾ ਹੈ।
ਸਭ ਕਾਮ ਤਿਆਗ ਜਪ ਨਾਮ ਬਿਸ਼ੰਭਰ, ਵਾਹਿਗੁਰੂ ਕਹਿ ਬ੍ਰਿੰਦਾ ਬਨ।
ਬਸ ਮੁਕਤਿ ਮਿਲੇ ਸੁਖ ਚੈਨ ਬੜੇ, ਅਰ ਪਾਕ ਰਹੇ ਸਾਰਾ ਤਨ ਮਨ।

(੨) **ਕਯੋਂ ਹਿਰਸ ਹਵਾ ਮੇਂ ਜਾ ਕੇ ਫੰਸਾ, ਐ ਦਿਲ ਤੁਝ ਕੋ ਕਿਆ ਸੌਦਾ ਹੈ।**
ਹੈ ਖ਼ੌਫ ਕੀ ਜਾ ਧੋਕੇ ਕੀ ਜਾ, ਇਸ ਜਾ ਪੈ ਨਿਹਾਇਤ ਖਟਕਾ[੬] ਹੈ।
ਕੁਛ ਅਮਰ[੭] ਹੈਂ ਦੁਨੀਆਂ ਕੇ ਬੇਜਾ, ਸਭ ਛੋੜ ਤੁਝੇ ਯਿਹ ਜੇਬਾ[੮] ਹੈ।
ਇਸ ਕਾਮ ਮੇਂ ਸਭ ਕੁਛ ਬਿਹਤਰ ਹੈ, ਗਰ ਅਕਲ ਸੇ ਤੂ ਕੁਛ ਬਹਿਰਾ[੯] ਹੈ।

---

੧. ਥਾਂ। ੨. ਟਿਕਾਉ। ੩. ਬੰਧਨ। ੪. ਪਾਗਲ। ੫. ਫਾਹੀ। ੬. ਡਰ। ੭. ਮਾਮਲੇ। ੮. ਸੋਭਦਾ। ੯. ਜਾਣੂ।

ਸਭ ਕਾਮ ਤਿਆਗ ਜਪ ਨਾਮ ਬਿਸ਼ੰਭਰ, ਵਾਹਿਗੁਰੂ ਕਹਿ ਬ੍ਰਿੰਦਾ ਬਨ।
ਬਸ ਮੁਕਤਿ ਮਿਲੇ ਸੁਖ ਚੈਨ ਬੜੇ, ਔਰ ਪਾਕ ਰਹੇ ਸਾਰਾ ਤਨ ਮਨ।

ਰਾਇ ਬ੍ਰਿੰਦਾ ਬਨ ਦੀ ਲਿਖਤ 'ਵਾਹਿਗੁਰੂ ਨਾਮਾ' ਇਸ ਖ਼ਾਨਦਾਨ ਉਪਰ ਸਿੱਖੀ ਦੇ ਪ੍ਰਭਾਵ ਨੂੰ ਸਪੱਸ਼ਟ ਕਰਦਾ ਹੈ।

ਅੰਤਮ ਬਚਨ

ਸੁਆਮੀ ਸ਼ਿਵ ਦਿਆਲ ਸਿੰਹੁ ਸਤਿਨਾਮ ਅਤੇ ਅਨਾਮੀ ਦੇ ਉਪਾਸ਼ਕ ਸਨ। ਉਨ੍ਹਾਂ ਦੇ ਛੋਟੇ ਭਰਾ ਲਾਲਾ ਪ੍ਰਤਾਪ ਸਿੰਘ ਲਿਖਦੇ ਹਨ:

"ਜਦ ਸੁਆਮੀ ਜੀ ਦਾ ਅੰਤਮ ਸਮਾਂ ਨੇੜੇ ਆਇਆ, ਸੁਆਮੀ ਜੀ ਨੇ ਕਿਹਾ: 'ਮੇਰਾ ਮਤ ਤੋ ਸਤਿਨਾਮ ਔਰ ਅਨਾਮੀ ਕਾ ਹੈ। ਰਾਧਾ ਸੁਆਮੀ ਮਤ ਰਾਇ ਸਾਲਗਰਾਮ ਕਾ ਚਲਾਇਆ ਹੂਆ ਹੈ। ਇਸ ਕੋ ਭੀ ਚਲਨੇ ਦੇਨਾ।'"

(ਜੀਵਨ ਚਰਿਤ੍ਰ ਸੁਆਮੀ ਸ਼ਿਵ ਦਿਆਲ ਸਿੰਹੁ, ਹਿੰਦੀ, ਲਿਖਤ ਲਾਲਾ ਪ੍ਰਤਾਪ ਸਿੰਹੁ, ਬਚਨ ੧੪ਵਾਂ, ਪੰਨਾ ੧੧੩)

ਇਸ ਤੋਂ ਸਪੱਸ਼ਟ ਹੈ ਕਿ ਰਾਧਾ ਸੁਆਮੀ ਮਤ ਸ੍ਰੀ ਸ਼ਿਵ ਦਿਆਲ ਸਿੰਹੁ ਦਾ ਚਲਾਇਆ ਹੋਇਆ ਨਹੀਂ, ਇਹ ਮਤ ਉਨ੍ਹਾਂ ਦੇ ਜਾਨਸ਼ੀਨ ਰਾਇ ਬਹਾਦਰ ਸਾਲਗਰਾਮ ਦਾ ਚਲਾਇਆ ਹੋਇਆ ਹੈ। ਜੋ ਸਰਕਾਰ ਅੰਗਰੇਜ਼ੀ ਦੇ ਮੁਲਾਜ਼ਮ ਤੇ ਯੂ.ਪੀ. ਦੇ ਪਹਿਲੇ ਪੋਸਟ ਮਾਸਟਰ ਜਨਰਲ ਸਨ।

ਸੰਨ ੧੮੭੮ ਵਿਚ ਸ੍ਰੀ ਸ਼ਿਵ ਦਿਆਲ ਦਾ ਦੇਹਾਂਤ ਆਗਰੇ ਵਿਚ ਹੋਇਆ। ਉਨ੍ਹਾਂ ਦੀ ਸਮਾਧੀ ਉਪਰ ਇਹ ਅੱਖਰ ਉਕਰੇ ਹੋਏ ਹਨ:

"ਪਰਮ ਪੁਰਸ਼ ਪੂਰਨ ਧਨੀ ਸੁਆਮੀ ਜੀ ਮਹਾਰਾਜ ਜੋ ਕਿ ਸੰਤ ਸਤਿਗੁਰੂ ਰੂਪ ਧਾਰ ਕਰ ਭਾਦਰੋਂ ਵਦੀ ਅਸ਼ਟਮੀ ਸੰਮਤ ੧੮੭੫ ਮੁਤਾਬਕ ੪ ਅਗਸਤ ਸੰਨ ੧੮੧੮ ਈ: ਕੋ ਪ੍ਰਗਟ ਹੂਏ, ੧੫ ਜੂਨ ੧੮੭੮ ਈ: ਮੁਤਾਬਕ ੧ ਹਾੜ ਸੰਮਤ ੧੯੩੫ ਕੋ ਅਪਨੇ ਨਿਜ ਧਾਮ ਪਧਾਰੇ।"

ਇਹ ਸਮਾਧੀ ਅਜੇ ਤੀਕ ਸੰਗਮਰਮਰ ਦੀ ਬਣ ਰਹੀ ਹੈ।

੨.

'ਰਾਧਾ ਸੁਆਮੀ'
ਨਾਮ ਦਾ ਝਮੇਲਾ

ਭਾਰਤ ਵਿਚ ਰਾਧਾ ਸੁਆਮੀ ਪਹਿਲਾ ਮਤ ਹੈ, ਜਿਸ ਦੇ ਬਾਨੀ ਸ੍ਰੀ ਸ਼ਿਵ ਦਿਆਲ ਮੰਨੇ ਜਾਂਦੇ ਹਨ। ਉਹ ਆਪਣਾ ਮਤ 'ਸਤਿਨਾਮ ਅਨਾਮੀ' ਦਾ ਬਿਆਨ ਕਰਦੇ ਹਨ। ਪਰ ਮਤ ਉਨ੍ਹਾਂ ਦੇ ਜਾਨਸ਼ੀਨ ਰਾਇ ਬਹਾਦਰ ਸਾਲਗਰਾਮ ਦੇ ਕਲਪਤ 'ਰਾਧਾ ਸੁਆਮੀ' ਨਾਮ ਦੇ ਆਧਾਰ 'ਤੇ ਚਲਦਾ ਹੈ।

ਇਸ ਲਈ ਅਸੀਂ ਹੁਣ ਰਾਧਾ ਸੁਆਮੀ ਨਾਮ ਦੀ ਅਸਲੀਅਤ ਬਿਆਨ ਕਰਨੀ ਚਾਹੁੰਦੇ ਹਾਂ।

ਰਾਧਾ ਸੁਆਮੀ ਨਾਮ ਕੋਈ ਈਸ਼ਵਰ ਵਾਚੀ ਨਾਮ ਨਹੀਂ ਹੈ। ਕਿਸੇ ਪ੍ਰਾਚੀਨ ਗ੍ਰੰਥ ਵਿਚ ਈਸ਼ਵਰ, ਆਤਮਾ ਜਾਂ ਸ਼ਬਦ ਸੁਰਤਿ ਲਈ ਨਹੀਂ ਆਇਆ। ਇਹ 'ਸੁਆਮੀ' ਅਤੇ 'ਰਾਧਾ' ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ।

ਪਿਛਲੀ ਸਦੀ ਵਿਚ ਇਸ ਨਾਮ ਦੇ ਵਰਤਣ ਵਾਲੇ ਰਾਇ ਬਹਾਦਰ ਸਾਲਗਰਾਮ (ਸੰਨ ੧੮੨੯-੯੮) ਸਨ। ਉਨ੍ਹਾਂ ਨੇ ਇਹ ਨਾਮ ਸ੍ਰੀ ਸ਼ਿਵ ਦਿਆਲ ਸਿੰਹੁ (ਸੰਨ ੧੮੧੮-੭੮) ਲਈ ਵਰਤਿਆ ਹੈ।

ਰਾਧਾ ਸੁਆਮੀ ਨਾਂ ਪੰਜਵੀਂ ਸਦੀ ਦੇ ਆਰੰਭ ਵਿਚ ਹੋਏ ਇਕ ਬੁਧ ਭਿਖਸ਼ੂ ਦਾ ਹੈ।[੧] ਜਿਸ ਤਰ੍ਹਾਂ ਸੀਤਾ ਰਾਮ ਅਤੇ ਸ੍ਰੀ ਕ੍ਰਿਸ਼ਨ ਤੇ ਰਾਧੇ ਲਈ ਰਾਧੇ ਕ੍ਰਿਸ਼ਨ ਤੇ ਰਾਧੇ ਸ਼ਾਮ ਆਦਿਕ ਸ਼ਬਦ ਵਰਤੇ ਗਏ ਹਨ, ਇਸੇ ਤਰ੍ਹਾਂ ਸ੍ਰੀ ਸ਼ਿਵ ਦਿਆਲ ਲਈ ਸੁਆਮੀ ਤੇ ਉਨ੍ਹਾਂ ਦੀ ਧਰਮ ਪਤਨੀ ਰਾਧਾ ਜੀ ਦਾ ਨਾਂ ਮਿਲਾ ਕੇ 'ਰਾਧਾ

---

੧. *ਇੰਡੀਅਨ ਕਲਚਰ ਥਰੂ ਦੀ ਏਜਜ਼,* (ਅੰਗਰੇਜ਼ੀ) ਲਿਖਤ ਐਸ.ਵੀ. ਵਿੰਕਟੇਸ਼ੂਰ, ਜਿਲਦ ੧, ਸਫ਼ਾ ੨੦੧, ਪ੍ਰਕਾਸ਼ਤ ਹੋਈ ਸੰਨ ੧੯੨੮ ਵਿਚ।

ਸੁਆਮੀ' ਪ੍ਰਚੱਲਤ ਕੀਤਾ ਗਿਆ ਹੈ।

ਵੈਸ਼ਨਵਾਂ ਦੀ ਇਕ ਸੰਪ੍ਰਦਾਇ 'ਰਾਧਾ ਵਲਭੀ' ਹੈ, ਜੋ ਰਾਧਾ ਜੀ ਤੇ ਸ੍ਰੀ ਕ੍ਰਿਸ਼ਨ ਦੀ ਪੂਜਾ ਕਰਦੇ ਹਨ। ਇਸੇ ਤਰ੍ਹਾਂ ਸੁਆਮੀ ਸ਼ਿਵ ਦਿਆਲ ਤੇ ਉਨ੍ਹਾਂ ਦੀ ਪਤਨੀ ਰਾਧਾ ਜੀ ਦੇ ਨਾਂ ਉਤੇ ਇਹ ਮਤ ਚਲਿਆ ਹੈ।

ਸੁਆਮੀ ਦੇ ਅਰਥ

ਕੋਸ਼ ਅਨੁਸਾਰ ਸੰਸਕ੍ਰਿਤ ਵਿਚ 'ਸੁਆਮੀ' ਦੇ ਅਰਥ ਹਨ—ਪਤੀ, ਭਰਤਾ ਜਾਂ ਮਾਲਕ। ਹਿੰਦੂ ਗ੍ਰੰਥਾਂ ਤੇ ਸਮਾਜ ਵਿਚ 'ਸੁਆਮੀ' ਸ਼ਬਦ ਆਮ ਤੌਰ 'ਤੇ ਸਾਧੂਆਂ ਸੰਨਿਆਸੀਆਂ ਲਈ ਵਰਤਿਆ ਜਾਂਦਾ ਹੈ।

ਜਿਹਾ ਕਿ ਸੁਆਮੀ ਵਿਵੇਕਾ ਨੰਦ, ਸੁਆਮੀ ਰਾਮ ਤੀਰਥ, ਮਦਰਾਸ ਵਿਚ ਉੱਚੀ ਕੁਲ ਦੇ ਬ੍ਰਾਹਮਣਾਂ ਲਈ ਵੀ ਵਰਤਿਆ ਜਾਂਦਾ ਹੈ। ਜਿਹਾ ਕਿ ਰਾਮਾ ਸੁਆਮੀ ਆਇਰ, ਰਾਮਾ ਸੁਆਮੀ ਮੁਦਲੀਅਰ। ਗੁਰਬਾਣੀ ਵਿਚ ਸੁਆਮੀ ਸ਼ਬਦ ਪਰਮਾਤਮਾ ਤੇ ਮਾਲਕ ਲਈ ਵਰਤਿਆ ਗਿਆ ਹੈ।

ਜਿਹਾ ਕਿ ਗੁਰੂ ਵਾਕ ਹਨ :

(੧) **ਸੁਆਮੀ ਪਾਰਬ੍ਰਹਮ ਪਰਮੇਸਰੁ.....** *(ਨਟ ਮ: ੪, ਪੰਨਾ ੯੭੬)*

(੨) **ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹ ਨਿਤ॥**
ਨਾਨਕ ਇਹ ਬਿਧਿ ਹਰਿ ਭਜਹੁ ਇਕ ਮਨਿ ਹੁਇ ਇਕਿ ਚਿਤਿ॥੪੫॥
(ਸਲੋਕ ਮ: ੯, ਪੰਨਾ ੧੪੨੮)

ਰਾਧਾ ਸੁਆਮੀ ਨਾਮ ਦਰਅਸਲ ਪਤੀ ਸ੍ਰੀ ਸ਼ਿਵ ਦਿਆਲ ਤੇ ਉਨ੍ਹਾਂ ਦੀ ਪਤਨੀ ਰਾਧਾ ਦਾ ਹੈ। ਜਿਸ ਦੇ ਬਾਅਦ ਵਿਚ ਮਾਇਨੇ ਅਤੇ ਰੂਪ ਬਦਲਣ ਦਾ ਜਤਨ ਕੀਤਾ ਗਿਆ ਹੈ।

ਅਸੀਂ ਪਿਛੇ ਦੱਸ ਆਏ ਹਾਂ ਕਿ ਸੁਆਮੀ ਜੀ ਦੇ ਛੋਟੇ ਭਰਾ ਲਾਲਾ ਪ੍ਰਤਾਪ ਸਿੰਹੁ ਦੀ ਲਿਖਤ ਅਨੁਸਾਰ ਸ੍ਰੀ ਸ਼ਿਵ ਦਿਆਲ ਦਾ ਮਤ ਸਤਿਨਾਮ ਅਨਾਮੀ ਦਾ ਸੀ, ਪਰ ਰਾਧਾ ਸੁਆਮੀ ਮਤ ਰਾਇ ਬਹਾਦਰ ਸਾਲਗਰਾਮ ਦਾ ਚਲਾਇਆ ਹੋਇਆ ਹੈ। ਇਸ ਦੀ ਤਾਈਦ ਸੁਆਮੀ ਜੀ ਦੇ ਚੇਲੇ ਬਾਬਾ ਜੈਮਲ ਸਿੰਘ, ਬਾਨੀ ਰਾਧਾ ਸੁਆਮੀ ਡੇਰਾ ਬਿਆਸ ਦੇ ਪ੍ਰਮਾਰਥੀ ਪਤ੍ਰਾਂ ਤੋਂ ਵੀ ਹੁੰਦੀ ਹੈ। ਇਹ ਪੱਤ੍ਰ ਰਾਧਾ ਸੁਆਮੀ ਸਤਸੰਗ ਬਿਆਸ ਨੇ ਪ੍ਰਕਾਸ਼ਤ ਕੀਤੇ ਹਨ। 'ਪ੍ਰਮਾਰਥੀ ਪਤ੍ਰਾਂ' ਵਿਚ ਬਾਬਾ ਜੈਮਲ ਸਿੰਘ ਨੇ ਸੁਆਮੀ ਸ਼ਿਵ ਦਿਆਲ ਦਾ ਅੰਤਮ ਚੌਦ੍ਹਵਾਂ ਬਚਨ

ਇਉਂ ਲਿਖਿਆ ਹੈ:

"ਫਿਰ ਲਾਲਾ ਪ੍ਰਤਾਪ ਸਿੰਹੁ ਕੀ ਤਰਫ਼ ਜੋ ਮੁਤਵੱਲੀ[1] ਹੋ ਕਰ ਫ਼ੁਰਮਾਇਆ ਕਿ ਮੇਰਾ ਮਤ ਤੋ ਸਤਿਨਾਮ ਔਰ ਅਨਾਮੀ ਕਾ ਥਾ ਔਰ ਰਾਧਾ ਸੁਆਮੀ ਮਤ ਸਾਲਗਰਾਮ ਕਾ ਚਲਾਇਆ ਹੂਆ ਹੈ।"

ਇਥੇ ਟੂਕ ਮਾਤਰ ਦਸਣਾ ਚਾਹੁੰਦੇ ਹਾਂ ਕਿ '੧ੴ ਸਤਿਨਾਮ ਕਰਤਾ ਪੁਰਖ' ਗੁਰਸਿੱਖੀ ਦਾ ਮੂਲ-ਮੰਤ੍ਰ ਹੈ।

ਗੁਰਬਾਣੀ ਦੇ ਵਾਕ ਹਨ:

(੧) **ਸਤਿਨਾਮੁ ਤੇਰਾ ਪਰਾ ਪੂਰਬਲਾ॥** *(ਮਾਰੂ ਮ: ੫, ਪੰਨਾ ੧੦੮੩)*

(੨) **ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥** *(ਧਨਾਸਰੀ ਮ: ੪, ਪੰਨਾ ੬੭੦)*

ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਯਾ।

(ਵਾਰ ੧, ਪਉੜੀ ੧)

ਦਸਮ ਪਾਤਸ਼ਾਹ ਨੇ ਅਕਾਲ ਪੁਰਖ ਨੂੰ ਜਾਪੁ ਸਾਹਿਬ ਵਿਚ 'ਅਨਾਮ ਅਕਾਮ' (੧੬੩), 'ਅਗੰਜੁਲ ਅਨਾਮੇ' (੧੬੭) ਵਰਣਨ ਕੀਤਾ ਹੈ।

ਇਸ ਤੋਂ ਇਹ ਸਾਬਤ ਹੋਇਆ ਕਿ ਸੁਆਮੀ ਸ਼ਿਵ ਦਿਆਲ ਜੀ ਗੁਰਬਾਣੀ ਤੋਂ ਪ੍ਰਭਾਵਿਤ ਹੋ ਕੇ ਸਤਿਨਾਮ ਅਤੇ ਅਨਾਮੀ ਦੇ ਉਪਾਸ਼ਕ ਸਨ।

ਸੁਆਮੀ ਸ਼ਿਵ ਦਿਆਲ ਜੀ ਦੇ ਛੋਟੇ ਭਰਾ ਲਾਲਾ ਪ੍ਰਤਾਪ ਸਿੰਹੁ ਦੀ ਲਿਖਤ ਅਤੇ ਮੁਖੀ ਚੇਲੇ ਬਾਬਾ ਜੈਮਲ ਸਿੰਘ ਦੇ 'ਪ੍ਰਮਾਰਥੀ ਪਤ੍ਰਾਂ' ਤੋਂ ਸਪੱਸ਼ਟ ਹੁੰਦਾ ਹੈ ਕਿ ਰਾਧਾ ਸੁਆਮੀ ਮਤ ਸ੍ਰੀ ਸ਼ਿਵ ਦਿਆਲ ਦਾ ਨਹੀਂ।

ਸਾਰ ਬਚਨ ਛੋਟੀ ਅਤੇ ਵੱਡੀ, ਰਾਧਾ ਸੁਆਮੀ ਮਤ ਦੀਆਂ ਪ੍ਰਮਾਣਿਕ ਪੁਸਤਕਾਂ ਹਨ। ਉਨ੍ਹਾਂ ਵਿਚ ਸ੍ਰੀ ਸ਼ਿਵ ਦਿਆਲ ਸਿੰਹੁ ਨੂੰ ਕੁਲ ਮਾਲਕ, ਪੂਰਨ ਧਨੀ, ਸੰਤ ਸਤਿਗੁਰੂ ਦੇ ਨਾਲ ਰਾਧਾ ਸੁਆਮੀ ਬਿਆਨ ਕੀਤਾ ਗਿਆ ਹੈ।

ਉਦਾਹਰਣ ਲਈ ਸੁਆਮੀ ਜੀ ਦੇ ਜਨਮ ਬਾਰੇ *ਸਾਰ ਬਚਨ* ਦੀ ਭੂਮਿਕਾ ਵਿਚ ਲਿਖਿਆ ਹੈ:

"ਪਰਮ ਪੁਰਸ਼ ਪੂਰਨ ਧਨੀ ਰਾਧਾ ਸੁਆਮੀ ਜੀਵੋਂ ਕੋ ਮਹਾ ਦੁਖੀ ਔਰ ਭਰਮ ਮੇਂ ਭੂਲਾ ਦੇਖ ਕਰ ਆਪ ਉਨ ਕੇ ਉਧਾਰ ਕੇ ਲੀਏ ਸੰਤ ਸਤਿਗੁਰੂ ਰੂਪ ਧਾਰ ਕਰ ਪ੍ਰਗਟ ਹੂਏ। ਮਹੀਨਾ ਅਗਸਤ ਸੰਨ ੧੮੧੮ ਈ:।"

---

੧. ਧਰਮ ਸਥਾਨ ਦਾ ਪ੍ਰਬੰਧਕ।

ਇਥੇ ਰਾਧਾ ਸੁਆਮੀ ਸ਼ਬਦ ਈਸ਼ਵਰ ਵਾਚੀ ਅਤੇ ਸ੍ਰੀ ਸ਼ਿਵ ਦਿਆਲ ਨੂੰ ਉਸ ਦਾ ਅਵਤਾਰ ਸਿਧ ਕਰਨ ਲਈ ਵਰਤਿਆ ਹੈ। ਉਨ੍ਹਾਂ ਦੀ ਸਮਾਧ ਉਪਰ ਜੋ ਸ਼ਬਦ ਉਕਰੇ ਹੋਏ ਹਨ, ਉਨ੍ਹਾਂ ਵਿਚ 'ਸੁਆਮੀ' ਇਕ ਸ਼ਖ਼ਸੀਅਤ ਦੇ ਉਪਨਾਮ ਦੇ ਤੌਰ 'ਤੇ ਵਰਤਿਆ ਹੈ।

ਇਹ ਇਕ ਅਸਲੀਅਤ ਹੈ ਕਿ ਜਿਸ ਤਰ੍ਹਾਂ ਕਈ ਹਿੰਦੂ ਸੰਤਾਂ ਸਾਧੂਆਂ ਨੂੰ ਸੁਆਮੀ ਜੀ ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਸ੍ਰੀ ਸ਼ਿਵ ਦਿਆਲ ਜੀ ਨੂੰ ਵੀ ਉਨ੍ਹਾਂ ਦੇ ਸਤਿਸੰਗੀ ਸੁਆਮੀ ਜੀ ਕਹਿੰਦੇ ਸਨ।

ਰਾਧਾ ਜੀ, ਸੁਆਮੀ ਜੀ ਦੀ ਧਰਮ ਪਤਨੀ

ਰਾਧਾ ਸੁਆਮੀ ਗ੍ਰੰਥਾਂ ਅਨੁਸਾਰ ਰਾਧਾ ਜੀ, ਸੁਆਮੀ ਸ਼ਿਵ ਦਿਆਲ ਜੀ ਦੀ ਧਰਮ ਪਤਨੀ ਸਨ।

ਸੁਆਮੀ ਜੀ ਦੇ *ਜੀਵਨ ਚਰਿੱਤਰ* (ਹਿੰਦੀ) ਦੇ ਸਫ਼ਾ ੧੦ 'ਤੇ ਦਰਜ ਹੈ ਕਿ ਰਾਧਾ ਜੀ, ਸੁਆਮੀ ਸ਼ਿਵ ਦਿਆਲ ਦੇ ਘਰੋਂ ਅਤੇ ਲਾਲਾ ਇਜ਼ਤ ਰਾਇ ਫ਼ਰੀਦਾਬਾਦ (ਦਿੱਲੀ) ਦੀ ਲੜਕੀ ਸਨ। ਅੱਗੇ ਚਲ ਕੇ ਲਿਖਿਆ ਹੈ:

ਰਾਧਾ ਜੀ ਸਤਿਸੰਗ ਕਰਦੇ ਸਨ

"ਰਾਧਾ ਜੀ ਮਹਾਰਾਜ ਆਗਰੇ ਮੇਂ ਆਈ ਤੋ ਉਨ ਕੋ ਭੀ ਸੁਆਮੀ ਜੀ ਮਹਾਰਾਜ ਊਚੇ ਦਰਜੇ ਕੇ ਪਰਮਾਰਥ ਕੀ ਸਮਝੌਤੀ ਦੀਆ ਕਰਤੇ ਥੇ।"

(ਜੀਵਨ ਚਰਿਤ੍ਰ ਸ਼ਿਵ ਦਿਆਲ, ਹਿੰਦੀ, ਪੰਨਾ ੧੧)

ਰਾਧਾ ਜੀ ਨੇ ਹਿੰਦੀ ਪੜ੍ਹੀ

"ਰਾਧਾ ਜੀ ਮਹਾਰਾਜ ਕੋ ਨਾਗਰੀ ਪੜ੍ਹਨੇ ਕਾ ਸ਼ੌਕ ਹੂਆ ਔਰ ਵੋਹ ਅਕਸਰ ਪੋਥੀਉਂ ਕਾ ਪਾਠ ਭੀ ਖ਼ੁਦ ਕੀਆ ਕਰਤੀ ਥੀ।" *(ਪੰਨਾ ੧੧)*

ਰਾਧਾ ਜੀ ਆਗਰੇ ਤੋਂ ਝਾਂਸੀ ਨੂੰ

"ਰਾਧਾ ਜੀ ਮਹਾਰਾਜ ਦੇਹਾਂਤ ਹੋਨੇ ਕੇ ਪੇਸ਼ਤਰ ਆਗਰੇ ਸੇ ਝਾਂਸੀ ਚਲੀ ਗਈ ਥੀ ਔਰ ਜਾਨੇ ਸੇ ਪਹਿਲੇ ਫ਼ੁਰਮਾਇਆ ਥਾ ਕਿ ਝਾਂਸੀ ਮੇਂ ਹੀ ਦੇਹਾਂਤ ਹੋਗਾ।"

(ਪੰਨਾ ੧੨)

ਚਲਾਣੇ ਦੀ ਪੇਸ਼ੀਨਗੋਈ

ਸੁਆਮੀ ਜੀ ਦੇ ਜੀਵਨ ਵਿਚ ਰਾਧਾ ਜੀ ਦੇ ਚਲਾਣੇ ਬਾਰੇ ਪੇਸ਼ੀਨਗੋਈ ਵੀ ਦਰਜ ਹੈ। ਲਿਖਿਆ ਹੈ:

"ਅਖੀਰ ਕੇ ਵਕਤ ਉਨ (ਰਾਧਾ) ਸੇ ਪੂਛਾ ਗਿਆ ਕਿ ਆਪ ਕੀ ਸਮਾਧ ਕਹਾਂ ਬਨੇਗੀ ? ਤੋ ਫੁਰਮਾਇਆ ਕਿ ਸੁਆਮੀ ਜੀ ਮਹਾਰਾਜ ਕੀ ਸਮਾਧ ਕੇ ਸਾਥ ਹੀ।"

ਸਮਾਧ ਦੇ ਅੱਖਰ

ਰਾਧਾ ਜੀ ਦੀ ਸਮਾਧ ਆਗਰੇ ਵਿਚ ਬਣਾਈ ਗਈ। ਉਸ ਉਪਰ ਇਹ ਅੱਖਰ ਲਿਖੇ ਹੋਏ ਹਨ:

"ਪਰਮ ਮਾਤਾ ਰਾਧਾ ਜੀ ਸਾਹਿਬ ਜੋ ਪਹਿਲੀ ਨਵੰਬਰ ੧੮੯੪ ਈ: ਮੁਤਾਬਕ ਕਤਕ ਸੁਦੀ ਚੌਥ ਸੰਮਤ ੧੯੫੧ ਕੋ ਪਰਮ ਧਾਮ ਸਿਧਾਰੀ।"

ਰਾਧਾ ਸੁਆਮੀ ਨਾਮ ਦਾ ਝਮੇਲਾ

ਹੁਣ ਰਾਇ ਬਹਾਦਰ ਸਾਲਗਰਾਮ ਦੇ ਕਲਪਤ ਰਾਧਾ ਸੁਆਮੀ ਨਾਮ ਨੂੰ ਕਦੀ ਕੁਲ ਮਾਲਕ ਦਾ ਨਾਂ, ਕਦੀ ਨਿਜ ਨਾਮ, ਤੇ ਧੁਨੀਆਤਮਕ ਦਸਿਆ ਜਾਂਦਾ ਹੈ। ਕਦੀ ਇਸਦੇ ਅਰਥ ਸ਼ਬਦ ਸੁਰਤਿ ਕੀਤੇ ਜਾਂਦੇ ਹਨ। ਕਦੀ ਕਲਪਤ ਰਾਧਾ ਸੁਆਮੀ ਧਾਮ ਤੀਕ ਪੁਜਣ ਦਾ ਜ਼ਿਕਰ ਕੀਤਾ ਗਿਆ ਹੈ। ਕਿਸੇ ਥਾਂ ਰਾਧਾ ਸੁਆਮੀ ਨੂੰ ਹੁੱਕਾ ਪੀਂਦੇ ਤੇ ਪਾਨ ਬੀੜੀ ਖਾਂਦੇ ਦਰਸਾਇਆ ਗਿਆ ਹੈ। ਰਾਧਾ ਸੁਆਮੀ ਨਾਮ ਇਕ ਝਮੇਲਾ ਹੈ, ਜਿਸ ਨੂੰ ਸਮਝਣਾ ਮੁਸ਼ਕਲ ਹੈ।

ਨਿਜ ਨਾਮ ਤੇ ਧਾਰਾ

ਸਾਰ ਬਚਨ ਵਿਚ 'ਰਾਧਾ ਸੁਆਮੀ' ਨਾਮ ਬਾਰੇ ਕਈ ਆਪਾ ਵਿਰੋਧੀ ਲਿਖਤਾਂ ਮਿਲਦੀਆਂ ਹਨ। ਉਦਾਹਰਣ ਲਈ ਲਿਖਿਆ ਹੈ:

ਰਾਧਾ ਸੁਆਮੀ ਗਾਇ ਕਰ ਜਨਮ ਸਫਲ ਕਰ ਲੇਇ।
ਯਹੀ ਨਾਮ ਨਿਜ ਨਾਮ ਹੈ ਮਨ ਅਪਨੇ ਧਰ ਲੇਇ।

ਭਾਵ: ਰਾਧਾ ਸੁਆਮੀ ਪਰਮਾਤਮਾ ਦਾ ਨਿਜ ਨਾਮ ਹੈ, ਇਸ ਨੂੰ ਆਪਣੇ ਮਨ ਵਿਚ ਧਾਰਨ ਕਰ ਲਉ।

ਜੇ ਰਾਧਾ ਸੁਆਮੀ ਨਿਜ ਨਾਮ ਹੁੰਦਾ ਤਾਂ ਉਨ੍ਹੀਵੀਂ ਸਦੀ ਤੋਂ ਪਹਿਲੇ ਕਿਸੇ ਆਤਮ-ਦਰਸ਼ੀ ਬ੍ਰਹਮ ਗਿਸ਼ੀ, ਗੁਰੂ, ਪੀਰ, ਅਵਤਾਰ ਜਾਂ ਪੈਗੰਬਰ ਨੂੰ ਇਸ ਦਾ ਅਨੁਭਵ ਕਿਉਂ ਨਾ ਹੋਇਆ ?

ਸਾਰ ਬਚਨ ਵਿਚ ਹੀ ਰਾਧਾ ਸੁਆਮੀ ਨਾਮ ਨੂੰ ਸ਼ਬਦ ਸੁਰਤਿ ਬਿਆਨ ਕੀਤਾ ਗਿਆ ਹੈ। ਉਸ ਲਈ ਕਬੀਰ ਸਾਹਿਬ ਦਾ ਇਹ ਬਚਨ ਪੇਸ਼ ਕੀਤਾ ਗਿਆ ਹੈ :

ਕਬੀਰ ਧਾਰਾ ਅਗੰਮ ਕੀ, ਸਤਿਗੁਰ ਦਈ ਲਖਾਇ।
ਉਲਟ ਤਾਹਿ ਸੁਮਰਨ ਕਰੋ, ਸਵਾਮੀ ਸੰਗ ਮਿਲਾਇ।

ਭਾਵ *:* ਅਗੰਮ ਦੀ ਧਾਰਾ ਸਤਿਗੁਰੂ ਨੇ ਦੱਸ ਦਿੱਤੀ ਹੈ। ਉਸ ਧਾਰਾ ਨੂੰ ਉਲਟਾ ਕੇ 'ਰਾਧਾ' ਬਣਾ ਲਉ ਅਤੇ ਉਸ ਨਾਲ ਸੁਆਮੀ ਮਿਲਾ ਕੇ 'ਰਾਧਾ ਸੁਆਮੀ' ਦਾ ਜਾਪ ਕਰੋ।

ਇਹ ਗੱਲ ਬੜੀ ਪੋਲੀ, ਹਾਸੋ-ਹੀਣੀ ਤੇ ਬੇ-ਦਲੀਲੀ ਹੈ। ਜੇ 'ਧਾਰਾ' ਦਾ ਅਰਥ 'ਰਾਧਾ' ਹੁੰਦਾ ਤਾਂ ਕਬੀਰ ਸਾਹਿਬ ਨੇ ਖ਼ੁਦ ਆਪਣੀ ਬਾਣੀ ਵਿਚ 'ਰਾਧਾ ਸੁਆਮੀ' ਸ਼ਬਦ ਕਿਉਂ ਨਾ ਵਰਤਿਆ ? ਉਨ੍ਹਾਂ ਦੇ ਚਾਰ ਸੌ ਸਾਲ ਬਾਅਦ 'ਧਾਰਾ' ਨੂੰ ਉਲਟਾ ਕੇ ਰਾਧਾ ਬਨਾਉਣ ਦੀ ਕਿਉਂ ਲੋੜ ਪੈ ਗਈ ?

ਰਾਧਾ ਸੁਆਮੀ ਤੇ ਸ਼ਬਦ ਸੁਰਤਿ

ਸਾਰ ਬਚਨ ਵਿਚ ਇਹ ਸ਼ਬਦ ਵੀ ਦਰਜ ਹਨ :

(੧) **ਸ਼ਬਦ ਸੁਰਤ ਅਰ ਰਾਧਾ ਸੁਆਮੀ, ਦੋਨੋ ਨਾਮ ਏਕ ਕਰ ਜਾਨੀ।**
(੨) **ਸ਼ਬਦ ਸੁਰਤ ਸੰਗ ਕਰੇ ਬਿਲਾਸ, ਜਿਉ ਰਾਧਾ ਸੁਆਮੀ ਢਿਗ ਬਾਸ।**

ਪਹਿਲੇ ਦੋਹਰੇ ਵਿਚ ਸ਼ਬਦ ਸੁਰਤਿ ਅਤੇ ਰਾਧਾ ਸੁਆਮੀ ਇਕੋ ਹੀ ਦੱਸੇ ਹਨ। ਜੇ ਇਕੋ ਹਨ ਤਾਂ ਮਨੁੱਖੀ ਸੁਰਤਿ ਨੂੰ ਸ਼ਬਦ ਦਾ ਅਭਿਆਸ ਕਰ ਕੇ ਰਾਧਾ ਸੁਆਮੀ ਨਾਲ ਮਿਲਣ ਦੀ ਕੀ ਲੋੜ ਹੈ ?

ਦੂਸਰੇ ਦੋਹਰੇ ਵਿਚ ਸ਼ਬਦ ਸੁਰਤਿ ਤੇ ਰਾਧਾ ਸੁਆਮੀ ਨੂੰ ਵਖਰਾ ਪ੍ਰਗਟ ਕੀਤਾ ਗਿਆ ਹੈ। ਇਸ ਦਾ ਭਾਵ ਇਹ ਹੈ—ਸੁਰਤਿ ਸ਼ਬਦ ਨਾਲ ਇਸ ਤਰ੍ਹਾਂ ਬਿਲਾਸ ਕਰਦੀ ਹੈ, ਜਿਵੇਂ ਰਾਧਾ ਸੁਆਮੀ ਜੀ ਦੇ ਲਾਗੇ ਵਾਸ ਤੇ ਬਚਨ ਬਿਲਾਸ ਕਰਦੇ ਹਨ।

ਹੁੱਕਾ ਪੀਂਦਾ ਰਾਧਾ ਸੁਆਮੀ

ਯੂ.ਪੀ. ਦੇ ਨਿਵਾਸੀ ਹੋਣ ਕਰਕੇ ਸ਼ਿਵ ਦਿਆਲ ਜੀ ਪਾਨ ਬੀੜੀ ਖਾਂਦੇ ਅਤੇ ਹੁੱਕਾ ਪੀਂਦੇ ਸਨ। ਉਨ੍ਹਾਂ ਬਾਰੇ *ਸਾਰ ਬਚਨ* ਵਿਚ ਲਿਖਿਆ ਹੈ:

ਹੁਕਾ ਭਰ ਕੇ ਦਾਸੀ ਲਿਆਈ,
ਰਾਧਾ ਸੁਆਮੀ ਢਿਗ ਬੈਠ ਪਿਲਾਈ
ਹੁਕਾ ਹੱਕ ਹੱਕ ਬੋਲੀ ਬੋਲਾ।

ਬਿਆਸ ਵਾਲੇ ਬਾਬਾ ਜੈਮਲ ਸਿੰਘ ਤੇ ਬਾਬਾ ਸਾਵਣ ਸਿੰਘ ਜੀ ਸਿਖ ਸਨ, ਇਸ ਲਈ ਉਨ੍ਹਾਂ ਦੇ ਮੰਨਣ ਵਾਲੇ 'ਹੁੱਕਾ ਹੱਕ ਹੱਕ ਬੋਲੀ ਬੋਲਾ' ਦੀ ਥਾਂ 'ਸਤਿਗੁਰੂ ਹੱਕ ਹੱਕ ਬੋਲੀ ਬੋਲਾ' ਕਹਿੰਦੇ ਹਨ।

ਰਾਧਾ ਸੁਆਮੀਆਂ ਦੇ ਦੂਜੇ ਗੁਰੂ ਸਾਲਗਰਾਮ ਨੇ *ਜੀਵਨ ਚਰਿਤ੍ਰ* (ਹਿੰਦੀ) ਵਿਚ ਲਿਖਿਆ ਹੈ:

"ਇਕ ਵੇਰ ਸੁਆਮੀ ਸ਼ਿਵ ਦਿਆਲ ਸਿੰਹੁ ਨੇ ਆਪਣੇ ਚੇਲੇ ਰਾਇ ਸਾਲਗਰਾਮ ਨੂੰ ਕਿਹਾ ਕਿ ਛੇਤੀ ਹੁਕੇ 'ਤੇ ਅੱਗ ਧਰ ਕੇ ਲਿਆਉ। ਤਾਂ ਰਾਇ ਸਾਹਿਬ ਨੇ ਕੋਠਾ ਟੱਪ ਕੇ ਇਕ ਦੁਕਾਨ ਤੋਂ ਸ਼ੀਘਰ ਹੀ ਹੁੱਕੇ ਦੀ ਟੋਪੀ ਵਿਚ ਅੱਗ ਰੱਖ ਲਿਆਂਦੀ।"

ਇਹ ਪ੍ਰਸੰਗ ਵੀ ਮਿਲਦਾ ਹੈ:

"ਜਦ ਸੰਨ ੧੮੭੮ ਵਿਚ ਸੁਆਮੀ ਸ਼ਿਵ ਦਿਆਲ ਪ੍ਰਲੋਕ ਗਮਨ ਕਰ ਗਏ ਤਾਂ ਡੇਢ ਮਹੀਨਾ ਪਿਛੋਂ ਉਨ੍ਹਾਂ ਨੇ ਆਪਣੀ ਇਕ ਚੇਲੀ, ਜਿਸ ਦਾ ਨਾਂ ਬੁਕੀ ਸੀ, ਨੂੰ ਸ਼ਬਦ ਸੁਰਤਿ ਦਾ ਅਭਿਆਸ ਕਰਦਿਆਂ ਦਰਸ਼ਨ ਦਿੱਤੇ। ਬੁਕੀ ਦੇ ਪ੍ਰਸ਼ਨ ਕਰਨ 'ਤੇ ਉੱਤਰ ਦਿੱਤਾ ਕਿ ਤੂੰ ਮੇਰੀ ਪਹਿਲੇ ਵਾਂਗ ਹੀ ਸੇਵਾ ਕਰਿਆ ਕਰ। ਉਹ ਪਿਛੋਂ ਕਿੰਨਾ ਚਿਰ ਬਿਸਤਰਾ ਵਿਛਾਉਂਦੀ ਅਤੇ ਹੁੱਕਾ ਭਰਦੀ ਰਹੀ।"

(ਜੀਵਨ ਚਰਿਤ੍ਰ ਰਾਧਾ ਸੁਆਮੀ, ਸ਼ਿਵ ਦਿਆਲ ਸਿੰਹੁ, ਹਿੰਦੀ, ਪੰਨਾ ੭੦)

ਹੁਣ ਪਾਠਕ ਨਿਰਣਾ ਕਰਨ ਕਿ ਪਰਮਾਤਮਾ, ਉਸ ਦਾ ਨਿਜ ਨਾਮ, ਧੁਨੀਆਤਮਿਕ ਨਾਮ, ਸ਼ਬਦ ਅਤੇ ਸੁਰਤਿ ਤਾਂ ਹੁੱਕਾ ਨਹੀਂ ਪੀ ਸਕਦੇ। ਹੁੱਕਾ ਤਾਂ ਕੋਈ ਸਰੀਰ ਧਾਰੀ ਆਦਮੀ ਹੀ ਪੀ ਸਕਦਾ ਹੈ। ਉਹ ਸਨ—ਸ੍ਰੀ ਸ਼ਿਵ ਦਿਆਲ ਸਿੰਹੁ ਜਿਨ੍ਹਾਂ ਦੇ ਉਪਨਾਮ ਰਾਧਾ ਸੁਆਮੀ ਦੇ ਕਲਪਤ ਤੇ ਮਨ-ਘੜਤ ਅਰਥ ਕਰਕੇ ਲੋਕਾਂ ਨੂੰ ਟਪਲਾ ਦਿੱਤਾ ਜਾਂਦਾ ਹੈ।

ਇਸ਼ਨਾਨ ਕਰਨ ਵਾਲਾ ਰਾਧਾ ਸੁਆਮੀ

ਸਾਰ ਬਚਨ ਵਿਚ ਲਿਖਿਆ ਹੈ:

ਮਾਨ ਸਰੋਵਰ ਜਲ ਭਰ ਲਿਆਈ।
ਰਾਧਾ ਸੁਆਮੀ ਇਸ਼ਨਾਨ ਕਰਾਈ।

ਇਸ਼ਨਾਨ ਵੀ ਆਦਮੀ ਹੀ ਕਰ ਸਕਦਾ ਹੈ।

ਬੀੜੀ ਖਾਣ ਵਾਲੇ ਸੁਆਮੀ

ਸਾਰ ਬਚਨ ਵਿਚ ਸੁਆਮੀ ਸ਼ਿਵ ਦਿਆਲ ਸਿੰਹੁ ਬਾਰੇ ਭੋਜਨ ਕਰ ਕੇ ਬੀੜੀ ਖਾਣ ਦਾ ਵਰਣਨ ਵੀ ਮਿਲਦਾ ਹੈ। ਲਿਖਿਆ ਹੈ:

ਫਿਰ ਭੋਜਨ ਕਰ ਬੀੜੀ ਖਾਈ।
ਬਾਂਟੀ ਬੀੜੀ ਕਨਹੀਆ ਭਾਈ।
ਸ਼ੀਤ ਪ੍ਰਸਾਦ ਸਭੀ ਮਿਲ ਲੀਨਾ।
ਜਨਮ ਜਨਮ ਕੇ ਪਾਤਕ ਛੀਨਾ।
ਕੁਰਲੀ ਦਈ ਸੁਆਮੀ ਕੁਲ ਮੇਰਾ ਉਧਾਰਾ।
ਜਨਮ ਸਫਲ ਔਰ ਤਨ ਮਨ ਸੁਧਾਰਾ। (*ਸਾਰ ਬਚਨ, ਪੰਨਾ ੭੭੯*)

ਭਾਵ: ਰਾਧਾ ਸੁਆਮੀ ਨੇ ਭੋਜਨ ਕਰਨ ਦੇ ਬਾਅਦ ਬੀੜੀ ਖਾਧੀ, ਜੋ ਇਕ ਭਾਈ ਕਨਹੀਆ ਨੇ ਵੰਡੀ। ਸਾਰਿਆਂ ਨੇ ਸੁਆਮੀ ਜੀ ਦਾ ਸ਼ੀਤ ਪ੍ਰਸ਼ਾਦ (ਜੂਠਾ) ਲਿਆ। ਸੁਆਮੀ ਜੀ ਨੇ ਕੁਰਲੀ ਕਰ ਕੇ ਉਸ ਦਾ ਜਲ ਦਿੱਤਾ, ਜਿਸ ਨਾਲ ਮੇਰੀ ਕੁਲ ਤਰ ਗਈ। ਤਨ ਮਨ ਅਤੇ ਜਨਮ ਸਫਲ ਹੋ ਗਏ।

ਪਾਨ ਬੀੜੀ ਵੀ ਆਦਮੀ ਹੀ ਖਾ ਸਕਦਾ ਹੈ ਅਤੇ ਕਿਸੇ ਨੂੰ ਸ਼ੀਤ ਪ੍ਰਸ਼ਾਦ ਜਾਂ ਕੁਰਲੀ ਦਾ ਜਲ ਦੇ ਸਕਦਾ ਹੈ।

ਰਾਧਾ ਸੁਆਮੀ ਨੇ ਪੋਥੀ ਲਿਆਂਦੀ

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਲੇਖਕ *ਪੰਥ ਪ੍ਰਕਾਸ਼* ਤੇ *ਤਵਾਰੀਖ਼ ਗੁਰੂ ਖ਼ਾਲਸਾ*, ਇਤਿਹਾਸ ਦੀ ਖੋਜ ਕਰਦੇ ਹੋਏ ਆਗਰੇ ਗਏ। ਸੁਆਮੀ ਸ਼ਿਵ ਦਿਆਲ ਨੂੰ ਮਿਲੇ।

ਉਹ ਲਿਖਦੇ ਹਨ :

"ਭਾਈ ਗੁਰਬਖ਼ਸ਼ ਸਿੰਘ ਕ੍ਰਿਤ *ਪੰਜ ਸੌ ਸਾਖੀਆਂ* ਦੀ ਪੋਥੀ ਆਗਰੇ ਦੇ ਸ਼ਿਵ ਰਾਮ ਖੱਤਰੀ ਦੇ ਘਰੋਂ ਰਾਧਾ ਸੁਆਮੀ (ਸ਼ਿਵ ਦਿਆਲ ਸਿੰਹੁ) ਆਗਰੇ ਵਾਲੇ ਨੇ ਮੰਗਾਇ ਕੇ ਹਮ ਕੋ ਦਿਖਾਈ ਥੀ।"

(ਨਿਰਮਲ ਪੰਥ ਪ੍ਰਦੀਪਕਾ, ਪੰਨਾ ੩੮)

ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਸ੍ਰੀ ਸ਼ਿਵ ਦਿਆਲ ਸਿੰਹੁ ਸਿਰਫ਼ ਗੁਰਬਾਣੀ ਦੇ ਪ੍ਰੇਮੀ ਹੀ ਨਹੀਂ ਸਨ, ਬਲਕਿ ਸਿਖ ਇਤਿਹਾਸ ਨਾਲ ਵੀ ਦਿਲਚਸਪੀ ਰਖਦੇ ਸਨ।

ਸੁਆਮੀ ਜੀ ਨਾਲ ਮੁਲਾਕਾਤ ਕਰਨ ਵਾਲੇ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੇ ਇਹ ਸ਼ਬਦ ਕਿ ਬਾਬਾ ਗੁਰਬਖ਼ਸ਼ ਸਿੰਘ ਵਾਲੀ *ਪੰਜ ਸੌ ਸਾਖੀਆਂ* ਦੀ ਪੋਥੀ—"ਸ਼ਿਵ ਰਾਮ ਖੱਤਰੀ ਦੇ ਘਰੋਂ ਰਾਧਾ ਸੁਆਮੀ ਆਗਰੇ ਵਾਲੇ ਨੇ ਮੰਗਾਇ ਕੇ ਹਮ ਕੋ ਦਿਖਾਈ ਥੀ।"—ਇਸ ਗੱਲ ਦਾ ਅਕੱਟ ਸਬੂਤ ਹੈ ਕਿ ਸ੍ਰੀ ਸ਼ਿਵ ਦਿਆਲ ਸਿੰਹੁ ਨੂੰ 'ਰਾਧਾ ਸੁਆਮੀ' ਕਿਹਾ ਜਾਂਦਾ ਸੀ। ਪਰਮਾਤਮਾ, ਨਿਜ ਨਾਮ ਤੇ ਸ਼ਬਦ ਸੁਰਤਿ ਤਾਂ ਕਿਸੇ ਦੇ ਘਰੋਂ ਪੋਥੀ ਨਹੀਂ ਲਿਆ ਸਕਦੇ।

ਮੁੱਕਦੀ ਗੱਲ ਇਹ ਕਿ ਸੁਆਮੀ, ਸ਼ਿਵ ਦਿਆਲ ਸਿੰਹੁ ਨੂੰ ਕਹਿੰਦੇ ਸਨ। ਰਾਧਾ, ਉਨ੍ਹਾਂ ਦੀ ਪਤਨੀ ਦਾ ਨਾਮ ਹੈ। ਉਨ੍ਹਾਂ ਦੇ ਚੇਲੇ ਰਾਇ ਬਹਾਦਰ ਸਾਲਗਰਾਮ ਨੇ ਇਕ ਕਲਪਤ ਨਾਂ ਰਾਧਾ ਸੁਆਮੀ ਘੜ ਲਿਆ ਤੇ ਮਤ ਚਲਾ ਲਿਆ। ਨਾ ਇਹ ਈਸ਼ਵਰਵਾਚੀ ਹੈ, ਨਾ ਨਿਜ ਨਾਮ ਤੇ ਨਾ ਧੁਨੀਆਤਮਿਕ ਹੈ। ਨਾ ਇਸ ਦੇ ਮਾਇਨੇ ਸ਼ਬਦ ਸੁਰਤਿ ਹਨ।

ਰਾਧਾ ਸੁਆਮੀ ਨਾਮ ਇਕ ਗੋਰਖ ਧੰਦਾ ਹੈ, ਜਿਸ ਨੂੰ ਸਮਝਣਾ ਕਠਿਨ ਹੈ।

੩.

ਪੰਜ ਨਾਮ ਧੁਨਾਂ ਤੇ ਟਿਕਾਣੇ

ਰਾਧਾ ਸੁਆਮੀਆਂ ਦੀ ਪੁਸਤਕ *ਸਾਰ ਬਚਨ* ਵਿਚ ਇਕ ਬੜੀ ਗ਼ਲਤ ਬਿਆਨੀ ਕੀਤੀ ਗਈ ਹੈ। ਉਹ ਇਹ ਹੈ:

ਸਤਿਜੁਗ ਤ੍ਰੇਤਾ ਦੁਆਪੁਰ ਬੀਤਾ।
ਕਾਹੂੰ ਨਾ ਜਾਨੀ ਸ਼ਬਦ ਕੀ ਗੀਤਾ।
ਕਲਿਜੁਗ ਮੇਂ ਸੁਆਮੀ ਦਇਆ ਬਿਚਾਰੀ।
ਪ੍ਰਗਟ ਕਰਕੇ ਸ਼ਬਦ ਪੁਕਾਰੀ।

ਭਾਵ : ਪਿਛਲੇ ਤਿੰਨਾਂ ਜੁਗਾਂ ਵਿਚ ਕਿਸੇ ਨੂੰ ਸ਼ਬਦ ਸੁਰਤਿ ਤੇ ਨਿਜ ਨਾਮ ਦਾ ਗਿਆਨ ਨਹੀਂ ਹੋਇਆ। ਕਲਿਜੁਗ ਵਿਚ ਦਇਆ ਕਰਕੇ ਸੁਆਮੀ ਨੇ ਸ਼ਬਦ ਪ੍ਰਗਟ ਕੀਤਾ ਹੈ।

ਕੀ ਸਤਿਜੁਗ, ਤ੍ਰੇਤੇ ਤੇ ਦੁਆਪੁਰ ਵਿਚ ਸੁਆਮੀ ਜੀ ਭੰਗ ਜਾਂ ਗਾਂਜਾ ਪੀ ਕੇ ਸੁਤੇ ਰਹੇ ਤੇ ਕਲਿਜੁਗ ਵਿਚ ਉਨ੍ਹਾਂ ਨੂੰ ਸ਼ਬਦ ਪ੍ਰਗਟ ਕਰਨ ਦੀ ਹੋਸ਼ ਆਈ?

ਤਿੰਨ ਜੁਗ ਪਤਾ ਨਹੀਂ ਲੱਗਾ ਤੇ ਉਨ੍ਹੀਵੀਂ ਸਦੀ ਦੇ ਮੱਧ ਵਿਚ ਸ੍ਰੀ ਸ਼ਿਵ ਦਿਆਲ ਨੂੰ ਇਲਮ ਹੋਇਆ? ਇਸ ਨੂੰ ਕੋਈ ਅਕਲ ਦਲੀਲ ਵਾਲਾ ਆਦਮੀ ਮੰਨ ਨਹੀਂ ਸਕਦਾ।

ਕੀ ਬ੍ਰਹਮ ਰਿਸ਼ੀ ਯਾਗਵਲਕ, ਰਾਜ ਯੋਗੀ ਜਨਕ, ਬਿਆਸ, ਪਾਤੰਜਲੀ ਆਦਿਕ ਨੂੰ ਸ਼ਬਦ ਸੁਰਤਿ ਦਾ ਪਤਾ ਨਹੀਂ ਸੀ? *ਸਾਰ ਬਚਨ* ਵਿਚ ਲਿਖਿਆ ਹੈ:

"ਹਜ਼ੂਰ ਰਾਧਾ ਸੁਆਮੀ ਦਿਆਲ ਨੇ ਆਪਣੀ ਦਯਾ ਸੇ ਸੰਸਾਰੀ ਜੀਵੋਂ ਕੋ ਜਨਮ ਮਰਨ ਸੇ ਬਚਾਨੇ ਕੇ ਲੀਏ ਔਰ ਯਿਹ ਦੇਖ ਕਰ ਕਿ ਹਮਾਰੇ ਭੇਜੇ ਹੂਏ ਜੀਵ ਮੁਦਤ ਸੇ ਨਿਹਾਇਤ ਤਕਲੀਫ਼ ਮੇਂ ਹੈਂ ਔਰ ਚੌਰਾਸੀ ਕੇ ਚਕਰ ਮੇਂ ਪੜੇ

ਹੂਏ ਹੈਂ, ਐਸਾ ਆਸਾਨ ਤਰੀਕਾ ਯੋਗ ਅਭਿਆਸ ਕਾ ਜ਼ਾਹਰ ਕੀਆ ਹੈ ਕਿ ਹਰੇਕ ਸ਼ਖ਼ਸ ਜਿਸ ਕੋ ਸੱਚਾ ਸ਼ੌਕ ਪਰਮਾਰਥ ਕਾ ਹੋ, ਵੋਹ ਆਸਾਨੀ ਸੇ ਇਸ ਤਰੀਕੇ ਸੇ ਅਭਿਆਸ ਕਰ ਕੇ ਜਨਮ ਮਰਨ ਕੇ ਚਕ੍ਰ ਸੇ ਛੂਟ ਸਕਤਾ ਹੈ। ਐਸਾ ਆਸਾਨ ਤਰੀਕਾ ਗੁਜ਼ਸ਼ਤਾ ਜ਼ਮਾਨਾ ਸੇ ਲੇਕਰ ਆਜ ਤਕ ਕਿਸੀ ਨੇ ਭੀ ਨਹੀਂ ਬਤਲਾਇਆ।"

ਅੱਗੇ ਚਲ ਕੇ *ਸਾਰ ਬਚਨ* ਵਿਚ ਲਿਖਿਆ ਹੈ:

"ਸ਼ਬਦ ਕੀ ਤਾਰੀਫ ਤੋ ਹਰੇਕ ਮਤ ਮੇਂ ਹੈ, ਮਗਰ ਸ਼ਬਦ ਕਾ ਭੇਦ ਕਿਸੀ ਮਤ ਕੀ ਕਿਤਾਬ ਮੇਂ ਨਹੀਂ ਲਿਖਾ।" ਇਹ ਦੋਵੇਂ ਗੱਲਾਂ ਬਿਲਕੁਲ ਗ਼ਲਤ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ 'ਸਿੱਧ ਗੋਸਟਿ' ਵਿਚ ਫ਼ੁਰਮਾਉਂਦੇ ਹਨ:

(੧) **ਸਬਦੁ ਗੁਰੂ ਸੁਰਤਿ ਧੁਨਿ ਚੇਲਾ॥੪੪॥** *(ਪੰਨਾ ੯੪੩)*

(੨) **ਸਬਦੁ ਗੁਰ ਪੀਰਾ ਗਹਿਰ ਗੰਭੀਰਾ,**
ਬਿਨੁ ਸਬਦੈ ਜਗੁ ਬਉਰਾਨੰ॥ *(ਸੋਰਠਿ ਮ: ੧, ਪੰਨਾ ੬੩੫)*

(੩) **ਨਾਨਕਿ ਨਾਮੁ ਨਿਰੰਜਨ ਜਾਨ੍ਯਉ,**
ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ,
ਤਿਨਿ ਸਬਦੁ ਸੁਰਤਿ ਕੀ ਨੀਵ ਰਖਾਈ॥
(ਸਵਈਏ ਮ: ੪ ਕੇ, ਪੰਨਾ ੧੪੦੬)

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਸਾਹਿਬ ਸੁਆਮੀ ਸ਼ਿਵ ਦਿਆਲ ਤੋਂ ਚਾਰ ਸੌ ਸਾਲ ਪਹਿਲੇ ਹੋਏ ਹਨ। ਉਨ੍ਹਾਂ ਦੇ ਸਮੇਂ ਹੋਏ ਭੱਟ ਕਹਿੰਦੇ ਹਨ ਕਿ 'ਸ਼ਬਦ ਸੁਰਤਿ' ਦੀ ਸਿੱਖੀ ਵਿਚ ਨੀਂਹ ਉਨ੍ਹਾਂ ਨੇ ਰਖੀ। ਇਸ ਲਈ *ਸਾਰ ਬਚਨ* ਦੀ ਇਹ ਗੱਲ ਕਿਵੇਂ ਮੰਨੀ ਜਾ ਸਕਦੀ ਹੈ ਕਿ ਸੁਆਮੀ ਜੀ ਤੋਂ ਪਹਿਲੇ ਕਿਸੇ ਨੂੰ ਸ਼ਬਦ ਸੁਰਤਿ ਦਾ ਪਤਾ ਨਹੀਂ ਸੀ ਜਾਂ ਕਿਸੇ ਨੇ ਸ਼ਬਦ ਪ੍ਰਗਟ ਨਹੀਂ ਕੀਤਾ?

ਬਿਆਸ ਵਾਲੇ ਰਾਧਾ ਸੁਆਮੀ ਸਵਰਗੀ ਬਾਬੂ ਸਾਵਣ ਸਿੰਘ ਜੀ ਆਪਣੀ ਪੁਸਤਕ *ਸੰਤ ਮਤ ਪ੍ਰਕਾਸ਼* ਭਾਗ ੩ ਦੇ ਸਫ਼ਾ ੫ 'ਤੇ ਸੁਆਮੀ ਸ਼ਿਵ ਦਿਆਲ ਜੀ ਦੇ ਮੂੰਹੋਂ ਹੀ ਉਪ੍ਰੋਕਤ ਗ਼ਲਤ ਦਾਅਵੇ ਦੀ ਤਰਦੀਦ ਕਰਵਾਉਂਦੇ ਹੋਏ ਲਿਖਦੇ ਹਨ:

"ਹਜ਼ੂਰ ਸੁਆਮੀ ਜੀ ਮਹਾਰਾਜ (ਸ੍ਰੀ ਸ਼ਿਵ ਦਿਆਲ) ਨਾਮ ਦੀ ਤਾਰੀਫ਼ ਕਰਦੇ ਹੋਏ ਕਹਿੰਦੇ ਨੇ:

'ਜਿਤਨੇ ਮਹਾਤਮਾ, ਮੁਸਲਮਾਨ, ਫ਼ੁਕਰਾਅ ਜਾਂ ਹੋਰ ਮਜ਼੍ਹਬਾਂ ਵਾਲੇ ਸੱਚਖੰਡ ਜਾਂ ਮਕਾਮੇ ਹੱਕ 'ਤੇ ਪਹੁੰਚੇ, ਜੰਮਣਾ ਮਰਨਾ ਮੁਕਾਇਆ, ਏਸੇ ਦਵਾਈ (ਨਾਮ) ਨਾਲ ਗਏ। ਮੌਲਾਨਾ ਰੂਮ, ਸ਼ਮਸ ਤਬਰੇਜ਼, ਖ਼੍ਵਾਜਾ ਹਾਫ਼ਜ਼ ਸਾਹਿਬ ਤੇ ਹੋਰ ਜਿਤਨੇ ਮਹਾਤਮਾ ਵੀ ਹੋਏ ਨੇ ਇਸੀ ਦਵਾਈ ਦੀ ਮਹਿਮਾ ਕਰਦੇ ਨੇ। ਇਹ ਸਾਖਤ ਕਿਸੇ ਮਨੁੱਖ ਦੀ ਨਹੀਂ। ਇਹ ਈਸ਼ਵਰ ਰਚਿਤ ਔਰ ਸਤਿਜੁਗ ਤੋਂ ਚਲੀ ਆਉਂਦੀ ਹੈ।' "

ਨਾਮ ਨਾ ਸੰਸਕ੍ਰਿਤ ਹੈ, ਨਾ ਅਰਬੀ, ਨਾ ਫ਼ਾਰਸੀ, ਨਾ ਤੁਰਕੀ, ਨਾ ਗੁਰਮੁਖੀ ਔਰ ਨਾ ਕੋਈ ਹੋਰ ਜ਼ਬਾਨ। ਉਥੇ ਲਫ਼ਜ਼ ਕੋਈ ਨਹੀਂ।

ਬਾਬੂ ਸਾਵਣ ਸਿੰਘ ਜੀ ਪਾਸੋਂ ਇਕ ਪ੍ਰੋਫ਼ੈਸਰ ਨੇ ਪੁੱਛਿਆ, "ਨਾਮ ਦੇ ਕੀ ਮਾਅਨੇ ਹਨ ?"

ਉਨ੍ਹਾਂ ਨੇ ਉੱਤਰ ਦਿੱਤਾ :

"ਸਾਹਿਤਕ ਤੌਰ 'ਤੇ ਨਾਮ ਦੇ ਅਰਥ ਹਨ—ਕਿਸੇ ਦਾ ਜਾਂ ਵਾਹਿਗੁਰੂ ਦਾ ਨਾਮ। ਪਰ ਸੰਤ ਉਸ ਨੂੰ ਕਿਸੇ ਲਿਖਤੀ ਜਾਂ ਬੋਲਣ ਵਾਲੇ ਸ਼ਬਦ ਵਿਚ ਨਹੀਂ ਬਿਆਨ ਕਰਦੇ। ਉਨ੍ਹਾਂ ਦਾ ਨਾਮ ਅੰਗਰੇਜ਼ੀ, ਫ਼ਾਰਸੀ, ਸੰਸਕ੍ਰਿਤ ਜਾਂ ਹੋਰ ਕਿਸੇ ਬੋਲੀ ਵਿਚ ਨਹੀਂ। ਉਹ ਕਿਸੇ ਬੋਲੀ ਨਾਲ ਸੰਬੰਧ ਨਹੀਂ ਰਖਦਾ। ਮੈਂ ਉਸ ਨੂੰ ਸ਼ਬਦਾਂ ਵਿਚ ਨਹੀਂ ਉਲਥਾ ਸਕਦਾ।

ਅੱਗੇ ਚਲ ਕੇ ਕਿਹਾ ਹੈ—"ਭਾਰਤ ਦੇ ਪ੍ਰਾਚੀਨ ਰਿਸ਼ੀ ਉਸ ਨੂੰ ਅਕਾਸ਼ਬਾਣੀ ਕਹਿੰਦੇ ਸਨ। ਵੇਦ ਉਸ ਨੂੰ 'ਨਾਦ' (ਆਵਾਜ਼), ਉਪਨਿਸ਼ਦ 'ਉਦ ਗੀਤ', ਮੁਸਲਮਾਨ ਸੰਤ ਉਸ ਨੂੰ 'ਨਦਾਏ ਆਸਮਾਨੀ' ਜਾਂ ਸੁਲਤ-ਨੁਲ-ਅਜਕਾਰ, ਨਾਵਾਂ ਦਾ ਬਾਦਸ਼ਾਹ, ਗੁਰੂ ਨਾਨਕ ਦੇਵ ਜੀ ਉਸ ਨੂੰ ਸ਼ਬਦ, ਹੁਕਮ ਅਤੇ ਕੀਰਤਨ ਬਿਆਨ ਕਰਦੇ ਹਨ। ਬਾਈਬਲ ਵਿਚ ਉਸ ਨੂੰ ਸ਼ਬਦ (Word or Logos) ਕਿਹਾ ਹੈ।"

(ਕਾਲ ਆਫ਼ ਦੀ ਗਰੇਟ ਮਾਸਟਰ, ਪੰਨਾ ੪੯-੫੦)[੧]

ਇਹ ਲਿਖਤਾਂ *ਸਾਰ ਬਚਨ* ਦੇ ਉਸ ਗ਼ਲਤ ਦਾਅਵੇ ਦਾ ਜ਼ੋਰਦਾਰ ਖੰਡਨ ਕਰਦੀਆਂ ਹਨ :

ਸਤਿਜੁਗ ਤ੍ਰੇਤਾ ਦੁਆਪਰ ਬੀਤਾ।
ਕਾਹੂੰ ਨਾ ਜਾਨੀ ਸ਼ਬਦ ਕੀ ਰੀਤਾ।

---

੧. ਇਹ ਪੁਸਤਕ ਰਾਧਾ ਸੁਆਮੀ ਸਤਸੰਗ ਬਿਆਸ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ।

ਪੰਜ ਨਾਮ ਤੇ ਟਿਕਾਣੇ

ਜਿਸ ਤਰ੍ਹਾਂ ਕਲਪਤ ਰਾਧਾ ਸੁਆਮੀ ਨਾਮ ਉਤੇ ਸ਼ਿਵ ਦਿਆਲ ਦੀ ਮਰਜ਼ੀ ਦੇ ਉਲਟ ਰਾਇ ਬਹਾਦਰ ਸਾਲਗਰਾਮ ਨੇ ਇਹ ਮਤ ਚਲਾ ਦਿੱਤਾ ਹੈ, ਇਸੇ ਤਰ੍ਹਾਂ ਹਿੰਦੁਸਤਾਨ ਵਿਚ ਫੈਲ ਹੋ ਚੁੱਕੇ ਜੋਗ ਮਤ ਦੀ ਨਕਲ ਕਰ ਕੇ ਰਾਧਾ ਸੁਆਮੀ ਪੰਜ ਨਾਮ, ਉਨ੍ਹਾਂ ਦੇ ਟਿਕਾਣੇ ਤੇ ਅੰਦਰ ਸ਼ਬਦ ਹੋਣੇ ਮੰਨਦੇ ਹਨ, ਜਿਨ੍ਹਾਂ ਦਾ ਨਿਰਣਾ ਕਰਦੇ ਹਾਂ।

ਉਹ ਪੰਜ ਨਾਮ ਇਹ ਹਨ :

੧. ਜੋਤ ਨਿਰੰਜਨ

ਇਹ ਸ਼ਬਦ ਜੋਗ ਮਤ ਦੇ ਅਲਖ ਨਿਰੰਜਨ ਤੋਂ ਲਿਆ ਗਿਆ ਹੈ। ਜੋਗੀ ਭਿਖਿਆ ਮੰਗਣ ਵੇਲੇ ਅਲਖ ਨਿਰੰਜਨ ਕਹਿੰਦੇ ਹਨ। ਰਾਧਾ ਸੁਆਮੀਆਂ ਨੇ ਉਸ ਨੂੰ ਜੋਤ ਨਿਰੰਜਨ ਬਣਾ ਲਿਆ ਹੈ।

ਇਸ ਦਾ ਟਿਕਾਣਾ ਸਹੰਸਰ ਦਲ ਕੰਵਲ ਮੰਨਦੇ ਹਨ। ਇਥੇ ਘੰਟੇ ਤੇ ਸੰਖ ਦਾ ਸ਼ਬਦ ਹੋਣਾ ਦੱਸਦੇ ਹਨ।

੨. ਓਅੰਕਾਰ

ਇਹ ਸ਼ਬਦ ਸਾਰੇ ਪੁਰਾਤਨ ਹਿੰਦੂ ਗ੍ਰੰਥਾਂ ਵਿਚ ਆਇਆ ਹੈ। ਇਹ ਈਸ਼ਵਰ ਦੀ ਉਸ ਅਵਸਥਾ ਦਾ ਨਾਂ ਹੈ, ਜਦ ਉਹ ਸ੍ਰਿਸ਼ਟੀ ਅਰਥਾਤ ਆਕਾਰ ਨੂੰ ਧਾਰਨ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸੇ ਲਈ ਕਿਹਾ—'ਓਅੰਕਾਰ ਬ੍ਰਹਮਾ ਉਤਪਤਿ ॥'

ਰਾਧਾ ਸੁਆਮੀ ਇਸ ਦਾ ਅਸਥਾਨ ਤ੍ਰਿਕੁਟੀ ਮੰਨਦੇ ਹਨ। ਇਥੇ ਮ੍ਰਿਦੰਗ ਤੇ ਬੱਦਲਾਂ ਦੇ ਗੱਜਣ ਦੀ ਆਵਾਜ਼ ਦੱਸਦੇ ਹਨ।

੩. ਰਰੰਕਾਰ

ਇਹ ਸ਼ਬਦ ਦਸਮ ਦੁਆਰ ਵਿਚ ਹੋਣਾ ਮੰਨਦੇ ਹਨ। ਇਥੇ ਕਿੰਗਰੀ ਵਜਦੀ ਦੱਸਦੇ ਹਨ।

ਰਰੰਕਾਰ ਗੁਰਬਾਣੀ ਵਿਚ ਕਿਤੇ ਨਹੀਂ ਆਇਆ। ਪਰ ਸਵਰਗੀ ਬਾਬਾ ਸਾਵਣ ਸਿੰਘ ਬਿਆਸ ਵਾਲੇ ਜਾਂ ਉਨ੍ਹਾਂ ਦੇ ਜਾਨਸ਼ੀਨ ਸਿੱਖਾਂ ਨੂੰ ਟਪਲਾ ਦੇਣ ਲਈ ਗੁਰਬਾਣੀ ਦੇ ਸ਼ਬਦਾਂ ਵਿਚੋਂ 'ਰ' ਅੱਖਰ ਦੀਆਂ ਤੁਕਾਂ ਪੜ੍ਹ ਕੇ ਇਸ ਨੂੰ

ਗੁਰਬਾਣੀ ਵਿਚੋਂ ਸਿੱਧ ਕਰਨ ਦਾ ਜਤਨ ਕਰਦੇ ਹਨ।

੪. ਸੋਹੰ

'ਸੋ' ਦੇ ਅਰਥ ਹਨ—ਉਹ, 'ਹੰ' ਦੇ ਅਰਥ ਹਨ—ਮੈਂ, ਉਹ ਮੈਂ ਹਾਂ। ਇਹ ਵੇਦਾਂਤ ਦਾ ਸ਼ਬਦ ਹੈ ਅਤੇ ਸੰਨਿਆਸੀਆਂ ਦਾ ਮੰਤ੍ਰ ਹੈ। ਕਬੀਰ ਜੀ ਨੇ ਵੀ ਇਸ ਬਾਰੇ ਲਿਖਿਆ ਹੈ:

ਸੋਹੰ ਜੋ ਜਾਕਉ ਹੈ ਜਾਪੁ॥ *(ਭੈਰਉ ਕਬੀਰ ਜੀ)*

ਰਾਧਾ ਸੁਆਮੀਆਂ ਨੇ ਇਹ ਸ਼ਬਦ ਵੇਦਾਂਤੀਆਂ ਦਾ ਲੈ ਲਿਆ ਹੈ। ਇਸ ਦਾ ਟਿਕਾਣਾ 'ਭੰਵਰ ਗੁਫ਼ਾ' ਮੰਨਦੇ ਹਨ। ਇਥੇ ਬੰਸਰੀ ਵੱਜਦੀ ਦਸਦੇ ਹਨ।

੫. ਸਤਿਨਾਮ

ਪਿਛੇ ਦੱਸ ਆਏ ਹਾਂ ਕਿ ਸਤਿਨਾਮ ਸ਼ਬਦ ਸਿੱਖੀ ਦੇ ਮੂਲ-ਮੰਤਰ ਵਿਚ ਹੈ। ਗੁਰਬਾਣੀ ਵਿਚ 'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ' ਕਿਹਾ ਗਿਆ ਹੈ।

ਕਬੀਰ ਸਾਹਿਬ ਦੀ ਬਾਣੀ ਵਿਚ ਵੀ 'ਸਤਿਨਾਮ' ਆਉਂਦਾ ਹੈ। ਰਾਧਾ ਸੁਆਮੀਆਂ ਨੇ 'ਸਤਿਨਾਮ' ਗੁਰਬਾਣੀ ਵਿਚੋਂ ਲੈ ਲਿਆ ਹੈ। ਇਸ ਦਾ ਟਿਕਾਣਾ ਭੰਵਰ ਗੁਫ਼ਾ ਤੋਂ ਦੋ ਉਂਗਲਾਂ ਉਤੇ ਸਤਿ ਲੋਕ ਵਿਚ ਦੱਸਦੇ ਹਨ। ਉਥੇ ਬੀਣਾ ਦਾ ਸ਼ਬਦ ਹੁੰਦਾ ਹੈ।

ਇਸ ਤੋਂ ਉਤੇ ਤਿੰਨ ਲੋਕ ਹੋਰ ਮੰਨਦੇ ਹਨ। ਅਲਖ ਲੋਕ, ਅਗੰਮ ਲੋਕ ਅਤੇ ਅਠਵਾਂ ਕਲਪਤ ਰਾਧਾ ਸੁਆਮੀ ਧਾਮ ਬਿਆਨ ਕਰਦੇ ਹਨ।

ਉਪ੍ਰੋਕਤ ਪੰਜਾਂ ਸ਼ਬਦਾਂ ਵਿਚੋਂ ਕੋਈ ਵੀ ਸ਼ਬਦ ਰਾਧਾ ਸੁਆਮੀਆਂ ਦਾ ਆਪਣਾ ਨਹੀਂ ਹੈ। ਜੋਗ ਮਤ, ਸੰਨਿਆਸ, ਵੇਦਾਂਤ ਤੇ ਸਿਖ ਧਰਮ ਦੇ ਪ੍ਰਚਲਤ ਸ਼ਬਦ ਮਿਲਾ ਕੇ ਉਨ੍ਹਾਂ ਦਾ 'ਪੰਚੀ ਕਰਣ' ਕਰ ਲਿਆ ਹੈ।

ਪੰਚ ਸ਼ਬਦ

ਯੋਗ ਦਰਸ਼ਨ ਵਿਚ ਪਾਤੰਜਲੀ ਨੇ 'ਯੋਗਸਚਿਤ ਵਿਤੀ ਨਿਰੋਧ' ਕਿਹਾ ਹੈ।

ਭਾਵ, ਚਿਤ ਬਿਰਤੀ ਦੇ ਨਿਰੋਧ ਦਾ ਨਾਂ ਯੋਗ ਦਸਿਆ ਹੈ। ਯੋਗ ਦੇ ਅਰਥ ਹਨ—ਜੁੜਨਾ। ਯਮ, ਨਿਯਮ, ਪ੍ਰਾਣਾਯਾਮ, ਪ੍ਰਤਿਅਹਾਰ, ਧਾਰਨਾ, ਧਿਆਨ ਤੇ ਸਮਾਧੀ ਯੋਗ ਦੇ ਅੱਠ ਅੰਗ ਮੰਨੇ ਗਏ ਹਨ।

ਯੋਗ ਗਿਆਨ ਇੰਦ੍ਰੀਆਂ ਦੀਆਂ ਕ੍ਰਿਆਵਾਂ ਨੂੰ ਅੰਤਰਮੁਖੀ ਕਰਦਾ ਹੈ।

ਮਛਿੰਦਰ ਤੇ ਗੋਰਖ ਨੇ ਜਿਸ ਜੋਗ ਮਤ ਦਾ ਪ੍ਰਚਾਰ ਕੀਤਾ ਹੈ, ਉਸ ਵਿਚ ਜੋਗੀ ਅੰਦਰ ਪੰਜ ਸ਼ਬਦ ਵਜਦੇ ਹੋਣੇ ਮੰਨਦੇ ਹਨ, ਉਹ ਸ਼ਬਦ ਪੰਜ ਵਾਜਿਆਂ ਦੇ ਦੱਸੇ ਗਏ ਹਨ :

(ੳ) **ਤੱਤ**—ਤਾਰ ਦੇ ਸਾਜ਼, ਤੰਦ ਦੇ ਵਾਜੇ—ਸਿਤਾਰ, ਰਬਾਬ, ਦਿਲਰੁਬਾ, ਮੱਧਮ ਸਾਰੰਗੀ, ਇਕ ਤਾਰਾ ਆਦਿਕ ਦੇ ਸ਼ਬਦ।

(ਅ) **ਵ੍ਰਿਤ**—ਚੰਮ ਨਾਲ ਮੜ੍ਹੇ ਹੋਏ ਸਾਜ਼—ਢੋਲਕੀ, ਤਬਲਾ, ਮ੍ਰਿਦੰਗ, ਧੌਂਸਾ ਆਦਿਕ।

(ੲ) **ਘਨ**—ਧਾਤ ਦੇ ਬਣੇ ਹੋਏ, ਜਿਨ੍ਹਾਂ ਤੋਂ ਧੁਨੀ ਪੈਦਾ ਹੁੰਦੀ ਹੈ। ਜਿਹਾ ਕਿ ਘੜਿਆਲ, ਛੈਣੇ, ਕੈਸੀਆਂ।

(ਸ) **ਨਾਦ**—ਘੜਾ ਆਦਿਕ, ਜਿਨ੍ਹਾਂ ਦੇ ਪੁਲਾੜ ਵਿਚੋਂ ਹੱਥ ਮਾਰਨ ਨਾਲ ਆਵਾਜ਼ ਨਿਕਲਦੀ ਹੈ।

(ਹ) **ਸੁਖਰ**—ਫੂਕ ਨਾਲ ਵਜਾਉਣ ਵਾਲੇ ਸਾਜ਼। ਜਿਹਾ ਕਿ ਬੰਸਰੀ, ਮੁਰਲੀ, ਨਫ਼ੀਰੀ, ਸ਼ਹਿਨਾਈ, ਕਲਾਂਟ ਆਦਿਕ।

ਪੁਰਾਤਨ ਜੋਗੀਆਂ ਨੇ ਦਸਮ ਦੁਆਰ ਵਿਚ ਪੰਚ ਸ਼ਬਦ ਹੋਣੇ ਮੰਨੇ ਹਨ : ਸੰਖ, ਮ੍ਰਿਦੰਗ, ਕਿੰਗਰੀ, ਮੁਰਲੀ ਅਤੇ ਬੀਨਾ ਦੀ ਧੁਨੀ।

ਜੋਗੀਆਂ ਦੀ ਪ੍ਰਸਿੱਧ ਪੁਸਤਕ *ਹਠ ਯੋਗ ਪ੍ਰਦੀਪਕਾ* ਅਨੁਸਾਰ ਅੰਦਰ ਇਹ ਪੰਜ ਸ਼ਬਦ ਹੁੰਦੇ ਹਨ :

ਭਮਰ ਗੁੰਜਾਰ, ਹਵਾ ਭਰੀ ਨਲਕੀ ਦੀ ਧੁਨੀ ਜਾਂ ਉਸ ਜਿਹਾ ਸ਼ਬਦ, ਘੰਟੇ ਦੀ ਆਵਾਜ਼, ਸਮੁੰਦਰ ਤੇ ਬੱਦਲ ਦੇ ਗੱਜਣ ਦੀ ਆਵਾਜ਼।

ਰਾਧਾ ਸੁਆਮੀ ਮਤ ਨੇ ਪੁਰਾਣੇ ਜੋਗ ਮਤ ਦੀ ਨਕਲ ਪੰਜ ਨਾਮ, ਪੰਜ ਸ਼ਬਦ ਤੇ ਉਨ੍ਹਾਂ ਦੇ ਪੰਜ ਟਿਕਾਣੇ ਮੰਨੇ ਹਨ।

ਅਨਹਦ ਸ਼ਬਦ

ਅਨਹਦ ਸ਼ਬਦ ਦਾ ਨਿਰੰਤਰ ਰੂਪ ਹੈ—'ਅਨਹਤ' ਜੋ ਆਹਤ ਚੋਟ ਜਾਂ ਛੋਹ ਤੋਂ ਬਿਨਾਂ ਹੋਵੇ। ਭਾਵੇਂ ਉਹ ਸਮਾਧੀ ਵਿਚ ਹੋਵੇ ਜਾਂ ਉਸ ਤੋਂ ਬਿਨਾਂ।

'ਸੁੰਨ' ਦਾ ਮਤਲਬ ਬ੍ਰਹਮ ਰੰਧਰ ਨਾੜੀ ਦੇ ਉਸ ਅਸਥਾਨ ਤੋਂ ਹੈ, ਜਿਥੇ ਜੋਗੀ ਸੰਗੀਤ ਸੁਣਦਾ ਹੈ।[੧]

---

੧. ਦੇਖੋ *ਰਸਾਲਾ ਚਾਂਦ*, ਹਿੰਦੀ, ਅਲਾਹਾਬਾਦ, ਫ਼ਰਵਰੀ ੧੯੩੨ ਈ:।

ਕਈ ਗ੍ਰੰਥਾਂ ਵਿਚ ਅੰਦਰ ਦਸ ਅਨਹਦ ਸ਼ਬਦ ਲਿਖੇ ਹਨ। ਜਿਹਾ ਕਿ *ਸੁਰਤ ਪ੍ਰਕਾਸ਼ ਭਾਵ ਦੀਪਕਾ ਨਿਬੰਧ*[੧] ਵਿਚ ਲਿਖਿਆ ਹੈ:

ਪ੍ਰਿਥਮ ਭੰਵਰ ਗੁੰਜਾਰ ਦੂਸਰੇ ਘੁੰਗਰੂ ਬਾਜੈ।
ਤੀਜੈ ਸ਼ਬਦ ਸੁ ਸੰਖ ਘੰਟਕਾ ਚੌਥੇ ਗਾਜੈ।
ਬਜੈ ਪੰਚਮੈ ਤਾਲ ਛਟੇ ਮੁਰਲੀ ਧੁਨਿ ਭਨ ਹੈ।
ਸੁਨੋਂ ਸਤਵੇਂ ਭੇਰਿ ਆਠਵੇਂ ਮਾਂਦੁਲ ਠਨਕੈ।
ਨਵੈਂ ਸ਼ਬਦ ਨਫੀਰਨ ਕੇ ਦਸਵੇਂ ਗਰਜਤ ਸ਼ੇਰ।
ਸਭ ਮਿਲ ਘੋਰ ਸੁਨੈ ਤਹਾਂ, ਜੋ ਹੈ ਮੁਨਿ ਜਨ ਮੇਰ।

ਤ੍ਰਿਕੁਟੀ, ਭੰਵਰ ਗੁਫ਼ਾ ਅਤੇ ਦਸਮ ਦੁਆਰ ਵਿਚ ਸੁਰਤਿ ਚੜ੍ਹਾ ਕੇ ਅਨਹਦ ਸ਼ਬਦ ਸੁਣਨ ਵਾਲੇ ਅਤੇ ਅੰਮ੍ਰਿਤ ਧਾਰ ਚੁਆਣ ਵਾਲੇ ਜੋਗੀਆਂ ਦੀ ਕੀ ਹਾਲਤ ਹੋਈ ? ਉਹ ਬਾਹਰ-ਮੁਖੀ ਕਿੰਗਰੀ ਵਜਾ ਕੇ, ਸ਼ਰਾਬ ਪੀ ਕੇ ਮਸਤੀ ਲੱਭਣ ਲੱਗ ਪਏ। ਦਸਮ ਦੁਆਰ ਸੁਰਤਿ ਚੜ੍ਹਾਉਣ ਨਾਲ ਉਨ੍ਹਾਂ ਦੀ ਤਸੱਲੀ ਨਾ ਹੋਈ।

ਗਿਆਨ ਇੰਦ੍ਰੀਆਂ ਦੀਆਂ ਕ੍ਰਿਆਵਾਂ ਨੂੰ ਰੋਕਣ ਜਾਂ ਅੰਤਰ-ਮੁਖੀ ਕਰਨ ਨਾਲ ਮਨ ਨਹੀਂ ਬਦਲ ਸਕਦਾ। ਮਨ ਦੇ ਬਦਲਣ ਨਾਲ ਗਿਆਨ ਇੰਦ੍ਰੀਆਂ ਦੀਆਂ ਕ੍ਰਿਆਵਾਂ ਸ਼ੁਧ ਤੇ ਪਵਿੱਤ੍ਰ ਹੋ ਸਕਦੀਆਂ ਹਨ। ਜੋਗੀਆਂ ਨੇ ਇਕਾਂਤਵਾਸ, ਜੀਵਨ ਤੋਂ ਉਦਾਸੀਨਤਾ ਤੇ ਹਠ ਜੋਗ ਦੇ ਸਾਧਨ ਕਰਕੇ ਮਨ ਨੂੰ ਬਦਲਣ ਦੇ ਜੋ ਜਤਨ ਕੀਤੇ, ਉਹ ਸਫਲ ਨਹੀਂ ਹੋਏ।

ਕਾਦਰ ਯਾਰ ਲਿਖਦਾ ਹੈ:

ਅਲਫ਼ ਆਏ ਜੋਗੀ ਸਭ ਵੇਖਣੇ ਨੂੰ,
ਬੈਠੇ ਚਾਰ ਚੁਫੇਰਿਓਂ ਘਤ ਘੇਰਾ।
ਰਾਣੀ ਸੁੰਦਰਾਂ ਮੂੰਹ ਤੋਂ ਲਾਹ ਪਰਦਾ,
ਸਭਨਾ ਵਲ ਦੀਦਾਰ ਦਾ ਕਰੇ ਫੇਰਾ।
ਗੋਰਖ ਨਾਥ ਤੇ ਪੂਰਨ ਹੀ ਰਹੇ ਸਾਬਤ,
ਹੋਰ ਡੋਲਿਆ ਨਾਥ ਦਾ ਸਭ ਡੇਰਾ।

ਕਠਿਨ ਸਾਧਨਾ, ਉਪਰਾਮਤਾ ਅਤੇ ਗ਼ਲਤ ਅਭਿਆਸ ਦੇ ਕਾਰਨ ਹੀ ਜੋਗ ਮਤ—ਜਿਸ ਨੇ ਕਈ ਰਾਜਿਆਂ ਨੂੰ ਜੋਗੀ ਬਣਾਇਆ, ਭਾਰਤ ਵਿਚੋਂ ਬੁਰੀ

---

੧. ਇਹ ਪੁਸਤਕ ਭਾਈ ਭਗਤ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਲੋਂ ਬਲਬੀਰ ਪ੍ਰੈਸ ਵਿਚ ਛਪੀ। ਪ੍ਰਿੰਟਰ: ਸ਼ੇਖ਼ ਕਰੀਮ ਬਖ਼ਸ਼।

ਤਰ੍ਹਾਂ ਫੇਲ੍ਹ ਹੋ ਗਿਆ। ਨਾ ਉਹ ਅੰਤ੍ਰੀਵ ਸ਼ਤਰੂਆਂ—ਕਾਮ, ਕ੍ਰੋਧ, ਲੋਭ ਆਦਿਕ ਦਾ ਟਾਕਰਾ ਕਰ ਸਕਿਆ, ਨਾ ਹੀ ਬਾਹਰਮੁਖੀ ਜਰਵਾਣਿਆਂ ਨੂੰ ਰੋਕ ਸਕਿਆ। ਇਸ ਲਈ ਮਿਟ ਗਿਆ।

ਉੱਤਰ ਪੱਛਮੀ ਭਾਰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਕਰਮਯੋਗੀ ਸਿਖ ਧਰਮ ਨੇ ਜਨਮ ਲਿਆ। ਦੂਜੇ ਸੂਬਿਆਂ ਵਿਚ ਭਗਤੀ ਮਾਰਗ ਦੇ ਸੰਤਾਂ ਦਾ ਅਸਰ ਪਿਆ।

ਭਾਈ ਸੰਤੋਖ ਸਿੰਘ *ਸੂਰਜ ਪ੍ਰਕਾਸ਼* ਵਿਚ ਲਿਖਦੇ ਹਨ:

ਸ੍ਰੀ ਗੁਰੂ ਰਾਮਦਾਸ ਜੀ ਦੀ ਸੰਗਤ ਵਿਚ ਇਕ ਜੋਗੀ ਨੇ ਆ ਕੇ ਕਿਹਾ:

ਸ੍ਰੀ ਗੁਰੂ ਤੁਮਰੀ ਸੰਗਤ ਬਿਖੈ।
ਨਹਿ ਅਸ਼ਟਾਂਗ ਜੋਗ ਕੋਊ ਪਿਖੈ।
ਮਨ ਥਿਰ ਹੋਇ ਨਾ ਜੋਗ ਬਿਹੀਨੇ।
ਮਨ ਥਿਰ ਬਿਨ ਨਹਿ ਆਤਮ ਚੀਨੇ।
ਆਤਮ ਚੀਨੇ ਬਿਨ ਨਹਿ ਜੁਗਤਿ।
ਜੁਗਤਿ ਬਿਨਾ ਕਿਮ ਪਾਵਹਿ ਮੁਕਤਿ।
ਮੁਕਤਿ ਬਿਨਾ ਬੰਧਨ ਮੇਂ ਰਹਹਿ,
ਤਉ ਗੁਰਸਿਖੀ ਮਹਿ ਕਿਆ ਲਹੈਂ?

ਗੁਰੂ ਸਾਹਿਬ ਨੇ ਉਸ ਦਾ ਉੱਤਰ ਦਿੱਤਾ:

ਹਥਿ ਕਰਿ ਤੰਤੁ ਵਜਾਵੈ ਜੋਗੀ, ਥੋਥਰ ਬਾਜੈ ਬੇਨ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ, ਇਹੁ ਮਨੂਆ ਹਰਿ ਰੰਗਿ ਭੇਨ॥੧॥

(ਆਸਾ ਮ: ੪, ਪੰਨਾ ੩੬੮)

ਭਾਵ: ਹੇ ਜੋਗੀ, ਤੂੰ ਹੱਥ ਨਾਲ ਕਿੰਗਰੀ ਵਜਾ ਕੇ ਜਾਂ ਅੰਤਰਮੁਖੀ ਬੀਨਾ ਦਾ ਜੋ ਸ਼ਬਦ ਸੁਣਦਾ ਹੈਂ, ਉਹ ਥੋਥਾ ਤੇ ਬੇ-ਅਰਥ ਹੈ। ਗੁਰਮਤਿ ਅਨੁਸਾਰ ਮਨ ਹਰਿ ਨਾਲ ਜੋੜ ਕੇ ਉਸ ਦੇ ਗੁਣ ਗਾਇਨ ਕਰੇ, ਤਦ ਮਨ ਉਸ ਵਿਚ ਭਿਜਦਾ ਹੈ।

ਭਾਵ ਇਹ ਹੈ ਕਿ ਅੰਦਰ ਸੰਖ, ਬੰਸਰੀ, ਬੀਨਾ ਆਦਿਕ ਦੇ ਸ਼ਬਦ ਸੁਣਨ ਨਾਲ ਕੋਈ ਆਤਮਕ ਲਾਭ ਨਹੀਂ ਹੋ ਸਕਦਾ ਕਿਉਂਕਿ ਉਪ੍ਰੋਕਤ ਸਾਜ਼ਾਂ ਦੇ ਸ਼ਬਦ ਬੇ-ਮਾਅਨੀ ਹਨ। ਇਸ ਲਈ ਉਨ੍ਹਾਂ 'ਤੇ ਸੁਰਤਿ ਟਿਕਾਈ ਨਹੀਂ ਜਾ ਸਕਦੀ। ਸੰਖ ਜਾਂ ਬੀਨਾ ਆਦਿਕ ਦੇ ਸ਼ਬਦ ਆਦਮੀ ਕੁਝ ਮਿੰਟਾਂ ਤੋਂ ਵੱਧ ਨਹੀਂ ਸੁਣ ਸਕਦਾ।

ਜੇ ਸੁਰਤਿ ਨੂੰ ਅੰਤਰਮੁਖੀ ਕਰ ਕੇ ਬਾਹਰਮੁਖੀ ਸਾਜ਼ਾਂ—ਸੰਖ, ਬੀਨਾ, ਬੰਸਰੀ

ਆਦਿਕ ਦੀਆਂ ਆਵਾਜ਼ਾਂ ਹੀ ਸੁਣਨੀਆਂ ਹਨ ਤਾਂ ਇਹ ਸਾਜ਼ ਵਜਾ ਕੇ ਕਿਉਂ ਨਾ ਸੁਣ ਲਈਆਂ ਜਾਣ ? ਇਨ੍ਹਾਂ ਦੇ ਅੰਦਰ ਸੁਣਨ ਦਾ ਆਤਮਿਕ ਤੌਰ 'ਤੇ ਕੀ ਲਾਭ ਹੈ।

ਸੰਖ, ਬੀਨਾ, ਬੰਸਰੀ ਦੀ ਆਵਾਜ਼ ਰਾਗੀਆਂ ਲਈ ਸੁਰ, ਤਾਲ, ਲੈਅ ਤੇ ਸੰਗੀਤ ਰਾਹੀਂ ਰਸ ਪੈਦਾ ਕਰ ਸਕਦੀ ਹੈ, ਪਰ ਨਿਰੀ ਆਵਾਜ਼ ਬੇ-ਮਾਅਨੀ ਹੈ। ਉਸ ਵਿਚ ਸੁਰਤਿ ਟਿਕ ਨਹੀਂ ਸਕਦੀ। ਇਸ ਲਈ ਸਤਿਗੁਰੂਆਂ ਤੇ ਭਗਤੀ ਮਾਰਗ ਦੇ ਕਈ ਸੰਤਾਂ ਨੇ ਹਰਿ ਕੀਰਤਨ ਹੀ ਦਸਿਆ ਹੈ, ਜਿਸ ਦੀ ਰਾਧਾ ਸੁਆਮੀ ਵੀ ਨਕਲ ਕਰਦੇ ਹਨ।

ਸਾਜ਼ਾਂ ਨਾਲ ਰਾਗ ਵਿਚ ਮਿਲਾ ਕੇ ਪੜ੍ਹੀ ਹੋਈ ਗੁਰਬਾਣੀ ਸੁਰਤਿ ਨੂੰ 'ਨਾਮੀ' ਨਾਲ ਜੋੜਦੀ ਹੈ। ਸ਼ਬਦ ਸੁਰਤਿ ਦੇ ਅਭਿਆਸ ਦੇ ਮਾਅਨੇ ਹਨ—ਸੁਰਤਿ ਦਾ ਸ਼ਬਦ ਨਾਲ ਜੁੜ ਕੇ ਨਾਮੀ ਵਿਚ ਲੀਨ ਹੋਣਾ। ਨਾਮ ਜਪਣ ਦਾ ਵੀ ਇਹੀ ਪ੍ਰਯੋਜਨ ਹੈ।

'ਨਾਮ' ਦੀ ਵਿਆਖਿਆ ਕਰਦੇ ਹੋਏ ਭਾਈ ਵੀਰ ਸਿੰਘ *ਗੁਰੂ ਨਾਨਕ ਚਮਤਕਾਰ* ਵਿਚ ਲਿਖਦੇ ਹਨ: "ਉਸ ਸਾਰੀ ਕ੍ਰਿਆ ਨੂੰ ਜੋ ਦ੍ਰਿਸ਼ਟਮਾਨ ਤੋਂ ਚੁਕਣ ਤੇ ਦ੍ਰਿਸ਼ਟਾ ਵਿਚ ਲਾਉਣ 'ਤੇ ਖ਼ਰਚ ਹੁੰਦੀ ਹੈ, ਨਾਮ ਆਖਦੇ ਹਨ।"

"ਧਿਆਨ ਨੂੰ ਦ੍ਰਿਸ਼ਟਮਾਨ ਜਗਤ ਤੋਂ ਚੁਕਣ ਦੇ ਪ੍ਰਿਥਮ ਤਰੱਦਦ ਤੋਂ ਲੈ ਕੇ ਨਾਮੀ ਤਕ ਪ੍ਰਾਪਤ ਹੋ ਜਾਣ ਦੇ ਸਾਰੇ ਰੰਗ ਨੂੰ ਨਾਮ ਆਖਦੇ ਹਨ। ਨਾਮ ਹੈ—ਨਾਮੀ ਵੱਲ ਲੱਗਣਾ। ਜੋ ਨਾਮੀ ਵਿਚ ਜਾਣ ਦੀ ਇੱਛਾ ਕਰਦਾ ਹੈ, ਉਹ ਨਾਮੀ ਦੇ ਗੁਣ, ਸਿਫ਼ਤ, ਸਰੂਪ, ਲੱਛਣਾਂ ਦਾ ਹਾਲ ਸਮਝਦਾ ਹੈ। ਇਸ ਲਈ ਕਿ ਉਸ ਨੂੰ ਵੇਖ ਤਾਂ ਸਕਦਾ ਨਹੀਂ, ਉਹ ਅਗੋਚਰ ਹੈ, ਇਸ ਲਈ ਨਾਮੀ ਦੇ ਸਰੂਪ ਤੇ ਗੁਣਾਂ ਦਾ ਖ਼ਿਆਲ ਬਣਾਉਂਦਾ ਹੈ।"

ਧਿਆਨ ਨੂੰ ਦ੍ਰਿਸ਼ਟਮਾਨ ਤੋਂ ਚੁਕ ਕੇ ਨਾਮੀ ਵਿਚ ਲੈ ਜਾਣ ਦੇ ਪ੍ਰਯੋਜਨ ਬਿਨਾਂ ਨਾਮ ਜਪਣਾ ਨਿਸਫਲ ਹੈ।

ਜਦ ਆਤਮਾ ਪਰਮਾਤਮਾ ਨਾਲ ਇਕ ਸੁਰ ਹੋ ਜਾਏ ਤਾਂ ਉਸ ਨੂੰ ਅੰਦਰ ਬੀਨਾ ਜਾਂ ਅਨਹਦ ਸੁਣਨ ਦੀ ਲੋੜ ਨਹੀਂ ਰਹਿੰਦੀ। ਫਿਰ ਉਸ ਨੂੰ ਵਿਸ਼ਵ ਦਾ ਇਕ ਇਕ ਕਣ ਨਿਰਾਕਾਰ ਦੇ ਗੁਣ ਗਾਉਂਦਾ ਤੇ ਅਨਹਦ ਸ਼ਬਦ ਕਰਦਾ ਪ੍ਰਤੀਤ ਹੁੰਦਾ ਹੈ। ਜਿਹਾ ਕਿ ਗੁਰਬਾਣੀ ਦੇ ਵਾਕ ਹਨ:

(੧) **ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ,**
ਗਾਵੈ ਰਾਜਾ ਧਰਮੁ ਦੁਆਰੇ॥ *(ਸੋਦਰੁ ਰਹਰਾਸਿ)*

(੨) **ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ**
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ *(ਮਲਾਰ ਮ: ੪, ਪੰਨਾ ੧੨੬੫)*

ਇਸ ਅਵਸਥਾ ਵਿਚ ਨੇਤਰ ਮੁੰਦਣ ਦੀ ਲੋੜ ਨਹੀਂ। ਕਿਉਂਕਿ ਗੁਰੂ ਅਮਰਦਾਸ ਜੀ ਦਾ ਵਾਕ ਹੈ:

ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥ *(ਅਨੰਦੁ ਸਾਹਿਬ)*

ਦਿੱਬ ਦ੍ਰਿਸ਼ਟੀ ਹੋਣ ਨਾਲ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦੀ ਉੱਚੀ ਆਤਮਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਰਾਧਾ ਸੁਆਮੀ ਮਤ ਦੇ ਪੰਜ ਸ਼ਬਦ, ਨਾਲ ਛੇਵਾਂ ਰਾਧਾ ਸੁਆਮੀ ਨਾਮ ਜਾਂ ਧਾਮ, ਤ੍ਰਿਕੁਟੀ, ਸੁੰਨ ਗੁਫ਼ਾ ਤੇ ਦਸਮ ਦੁਆਰ, ਸੰਖ, ਬੰਸਰੀ ਤੇ ਮ੍ਰਿਦੰਗ ਆਦਿਕ ਦੀਆਂ ਆਵਾਜ਼ਾਂ ਪੁਰਾਣੇ ਫੇਲ੍ਹ ਹੋ ਚੁਕੇ ਜੋਗ ਮਤ ਦੀ ਨਕਲ ਹਨ। ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਪਾ ਕੇ ਉਸ ਉਤੇ ਰਾਧਾ ਸੁਆਮੀ ਦਾ ਲੇਬਲ ਲਾ ਦਿੱਤਾ ਗਿਆ ਹੈ।

ਧੁਨੀਆਤਮਿਕ ਤੇ ਵਰਣਾਤਮਿਕ ਨਾਮ

ਈਸ਼ਵਰ ਦੇ ਬੇਅੰਤ ਨਾਮ ਹਨ। ਪਰ ਸਾਰੇ ਵੱਡੇ ਮਜ਼੍ਹਬਾਂ ਨੇ ਉਸ ਦਾ ਕੋਈ ਇਕ ਵਿਸ਼ੇਸ਼ ਨਾਮ ਅਪਣਾ ਲਿਆ ਹੈ। ਜਿਹਾ ਕਿ ਹਿੰਦੂਆਂ ਵਿਚ ਸ੍ਰੀ ਰਾਮ, ਈਸਾਈਆਂ ਵਿਚ ਗਾਡ, ਇਸਲਾਮ ਵਿਚ ਅੱਲਾ, ਸਿੱਖੀ ਵਿਚ ਸਤਿਨਾਮੁ ਵਾਹਿਗੁਰੂ। ਪਰ ਰਾਧਾ ਸੁਆਮੀ ਪੰਜ ਨਾਵਾਂ ਦੇ ਗੇੜ ਵਿਚ ਫਸੇ ਹੋਏ ਹਨ। ਉਹ ਨਾਮ ਵੀ ਇਨ੍ਹਾਂ ਦੇ ਆਪਣੇ ਨਹੀਂ, ਬਲਕਿ ਦੂਜੇ ਮਤਾਂ ਤੋਂ ਲਏ ਹਨ।

ਇੰਨ੍ਹਾਂ ਨੇ ਜੋ ਛੇਵਾਂ ਰਾਧਾ ਸੁਆਮੀ ਨਾਮ ਕਲਪਤ ਕੀਤਾ ਹੈ, ਉਹ ਵੀ ਪੰਜਵੀਂ ਸਦੀ ਈਸਵੀ ਵਿਚ ਹੋਏ ਇਕ ਬੁਧ ਭਿਖਸ਼ੂ ਦਾ ਹੈ।

ਇਸ ਨਾਮ ਬਾਰੇ ਖ਼ੁਦ ਰਾਧਾ ਸੁਆਮੀ ਮਤ ਦੇ ਅਚਾਰਯਾਂ ਵਿਚ ਬੜਾ ਮਤ ਭੇਦ ਹੈ। ਉਹ ਦੁਬਿਧਾ ਵਿਚ ਫਸੇ ਹੋਏ ਹਨ।

ਰਾਧਾ ਸੁਆਮੀ ਦੋ ਕਿਸਮ ਦਾ ਨਾਮ ਮੰਨਦੇ ਹਨ—ਇਕ ਧੁਨੀਆਤਮਿਕ ਅਤੇ ਦੂਸਰਾ ਵਰਣਾਤਮਿਕ। ਧੁਨੀਆਤਮਿਕ ਨਾਮ ਉਹ ਦਸਦੇ ਹਨ, ਜਿਸਦੀ ਧੁਨੀ ਅੰਦਰ ਗੂੰਜਦੀ ਹੈ। ਵਰਣਾਤਮਿਕ ਨਾਮ ਉਹ ਹੈ ਜੋ ਅੱਖਰਾਂ ਵਿਚ ਹੋਵੇ, ਜੀਭ, ਬੁਲ੍ਹਾਂ ਤੇ ਤਾਲੂ ਰਾਹੀਂ ਉਚਾਰਨ ਕੀਤਾ ਜਾ ਸਕੇ।

ਦਿਆਲ ਬਾਗ ਆਗਰੇ ਵਾਲੇ ਰਾਧਾ ਸੁਆਮੀ ਸ੍ਰੀ ਅਨੰਦ ਸਰੂਪ ਰਾਧਾ

ਸੁਆਮੀ ਨਾਮ ਨੂੰ ਧੁਨੀਆਤਮਿਕ ਮੰਨਦੇ ਸਨ। ਪਰ ਬਿਆਸ ਵਾਲੇ ਬਾਬੂ ਸਾਵਣ ਸਿੰਘ ਜੀ ਇਸ ਨੂੰ ਮੰਨਣ ਤੋਂ ਇਨਕਾਰੀ ਸਨ।

ਇਸ ਨਾਮ ਦੀ ਧੁਨੀ ਪਹਿਲੇ ਕਿਉਂ ਨਾ ਹੋਈ ? ਉਨ੍ਹੀਵੀਂ ਸਦੀ ਦੇ ਅੰਤ ਤੋਂ ਪਹਿਲੋਂ ਕਿਸੇ ਗ੍ਰੰਥ ਵਿਚ ਇਹ ਨਾਮ ਨਹੀਂ ਮਿਲਦਾ। ਫਿਰ ਇਹ ਵੀ ਰ ਧ ਸ ਵ ਮ ਆਦਿਕ ਅੱਖਰਾਂ ਤੋਂ ਬਣਿਆ ਹੋਇਆ ਤੇ ਵਰਣਾਤਮਿਕ ਨਾਮ ਹੈ। ਧੁਨੀਆਤਮਿਕ ਕਿਵੇਂ ਹੋਇਆ ? ਪੰਜਾਂ ਅੱਖਰਾਂ ਦਾ ਬਣਿਆ ਹੋਇਆ ਹੈ। ਰਸਨਾ ਦੁਆਰਾ ਉਚਾਰਨ ਕੀਤਾ ਜਾਂਦਾ ਹੈ। ਇਸ ਲਈ ਵਰਣਾਤਮਿਕ ਹੈ। ਜੇ ਧੁਨੀਆਤਮਿਕ ਹੁੰਦਾ ਤਾਂ ਰਾਇ ਬਹਾਦਰ ਸਾਲਗਰਾਮ ਤੋਂ ਪਹਿਲੇ ਕਿਸੇ ਬ੍ਰਹਮ ਰਿਸ਼ੀ, ਸੰਤ ਮਹਾਤਮਾ ਨੂੰ ਕਿਉਂ ਪ੍ਰਤੀਤ ਨਾ ਹੁੰਦਾ !

੪.

ਆਲਤੀ ਪਾਲਤੀ ਆਸਨ

ਰੂਹਾਨੀ ਸਫ਼ਰ ਦੀਆਂ ਝਾਕੀਆਂ

ਰਾਧਾ ਸੁਆਮੀ ਮਤ ਵਿਚ ਗੁਰੂ-ਡੰਮ੍ਹ ਦੀ ਪ੍ਰਧਾਨਤਾ ਹੈ, ਇਸ ਲਈ ਦੇਹਧਾਰੀ ਗੁਰੂ ਦੇ ਧਿਆਨ ਦੀ ਸਿਖਿਆ ਦਿੱਤੀ ਜਾਂਦੀ ਹੈ। ਇਨ੍ਹਾਂ ਦੇ ਗ੍ਰੰਥਾਂ ਵਿਚ ਲਿਖਿਆ ਹੈ:

"ਅਗਰ ਦਿਲ ਤੁਮਾਰਾ ਸ਼ੁਗਲ ਮੇਂ ਨਾ ਲਗੇ ਔਰ ਦੁਨਿਆਵੀ ਖਿਆਲਾਤ ਸੁਨਾਈ ਦੇਂ, ਤੋ ਮੁਰਸ਼ਦ ਸੇ ਹੀ ਫਰਿਆਦ ਕਰੋ ਔਰ ਸ਼ੁਗਲ ਮੇਂ ਮਿਹਨਤ ਕਰਤੇ ਰਹੋ। ਔਰ ਜਲਦੀ ਨਾ ਕਰੋ, ਕਿਉਂਕਿ ਜਲਦੀ ਕਾ ਕਾਮ ਸ਼ੈਤਾਨ ਕਾ ਹੋਤਾ ਹੈ।"

ਕਿਸੇ ਦੇਹਧਾਰੀ ਗੁਰੂ ਦਾ ਧਿਆਨ ਕਰਨਾ ਇਕ ਤਰ੍ਹਾਂ ਮੂਰਤੀ ਪੂਜਾ ਦੀ ਨਕਲ ਹੈ। ਮੂਰਤੀ ਪੂਜਾ ਜੜ੍ਹ ਦਾ ਧਿਆਨ ਕਰਨਾ ਹੈ। ਦੇਹਧਾਰੀ ਦਾ ਧਿਆਨ ਕਰਨਾ ਇਕ ਚੇਤਨ ਪੁਰਸ਼ ਦਾ ਧਿਆਨ ਕਰਨਾ ਹੈ।

ਪਰ ਨਾਮ ਰੂਪ ਜਗਤ ਨਾਸ਼ਵੰਤ ਹੈ। 'ਜੋ ਉਪਜਿਓ ਸੋ ਬਿਨਸਿ ਹੈ' ਦੇ ਵਾਕ ਅਨੁਸਾਰ ਹਰ ਦੇਹਧਾਰੀ ਨਾਸ਼ਵੰਤ ਹੈ। ਇਸ ਲਈ ਉਸ ਦਾ ਧਿਆਨ ਮਨੁੱਖ ਦੀ ਸੁਰਤਿ ਨੂੰ ਅਬਿਨਾਸ਼ੀ ਪਰਮਾਤਮਾ ਵਿਚ ਨਹੀਂ ਲੈ ਜਾ ਸਕਦਾ। ਰਾਧਾ ਸੁਆਮੀਆਂ ਦਾ ਕਿਸੇ ਦੇਹਧਾਰੀ ਨੂੰ ਜਿਹੜਾ ਕਦੀ ਜੰਮਿਆ ਹੈ, ਜਿਸ ਨੇ ਕਦੀ ਮਰ ਜਾਣਾ ਹੈ, 'ਜ਼ਿੰਦਾ ਸਤ ਸਰੂਪ ਹਸਤੀ' ਕਹਿਣਾ ਬਿਲਕੁਲ ਗ਼ਲਤ—ਅਕਲ, ਦਲੀਲ ਤੇ ਫ਼ਿਲਾਸਫ਼ੀ ਦੇ ਉਲਟ ਹੈ।

ਸੱਤ ਉਹ ਹੈ—ਜੋ ਭੂਤ, ਭਵਿਖਤ, ਵਰਤਮਾਨ, ਤਿੰਨਾਂ ਕਾਲਾਂ ਵਿਚ ਅਬਾਧਤ ਤੇ ਕਾਇਮ ਰਹਿੰਦਾ ਹੈ। ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਕਿਹਾ ਹੈ।

ਕਿਸੇ ਦੇਹਧਾਰੀ ਨੂੰ ਸਤ ਸਰੂਪ ਨਹੀਂ ਕਿਹਾ ਜਾ ਸਕਦਾ, ਰਾਧਾ ਸੁਆਮੀਆਂ

ਵਿਚ 'ਜ਼ਿੰਦਾ ਸਤ ਸਰੂਪ ਮਹਾਂ ਪੁਰਸ਼' ਤੇ ਮੁਰਦਾ ਗੁਰੂਆਂ ਦੀ ਵੰਡ ਪਾਣੀ ਠੀਕ ਨਹੀਂ।

ਦੇਹਧਾਰੀ ਦਾ ਧਿਆਨ ਇਸ ਲਈ ਵੀ ਗ਼ਲਤ ਹੈ ਕਿ ਉਸ ਵਿਚ ਮਨੁੱਖੀ ਗੁਣ ਤੇ ਦੋਸ਼ ਹੋ ਸਕਦੇ ਹਨ।[੧] ਦੱਸੋ, ਨੇਤਰਹੀਣ ਜਾਂ ਜਿਸ ਦੀ ਨਜ਼ਰ ਨਹੀਂ ਰਹੀ, ਉਹ ਕਿਸੇ ਦੇਹਧਾਰੀ ਦਾ ਸਿਮਰਨ ਜਾਂ ਧਿਆਨ ਕਿਸ ਤਰ੍ਹਾਂ ਕਰ ਸਕਦਾ ਹੈ ?

ਫਿਰ ਇਕ ਆਦਮੀ ਨੇ ਇਕ ਗੁਰੂ ਤੋਂ ਉਪਦੇਸ਼ ਲਿਆ, ਉਹ ਗੁਰੂ ਮਰ ਗਿਆ। ਉਸ ਦੀ ਥਾਂ ਦੂਜਾ ਗੁਰੂ ਬਣ ਗਿਆ। ਦੱਸੋ, ਉਪਦੇਸ਼ ਲੈਣ ਵਾਲਾ ਮੁਰਦਾ ਗੁਰੂ ਦਾ ਧਿਆਨ ਧਰੇ ਕਿ ਜ਼ਿੰਦਾ ਦਾ ? ਇਸ ਵਕਤ ਰਾਧਾ ਸੁਆਮੀਆਂ ਵਿਚ ਦਰਜਨ ਦੇ ਕਰੀਬ ਗੁਰੂ ਬਣ ਗਏ ਹਨ। ਦੱਸੋ, ਕਿਹੜੇ ਨੂੰ ਗੁਰੂ ਮੰਨੇ ਤੇ ਕਿਹੜੇ ਨੂੰ ਨਾ ਮੰਨੇ ?

ਆਲਤੀ ਪਾਲਤੀ ਆਸਣ

ਪੈਰਾਂ ਭਾਰ ਬੈਠਣਾ, ਉਂਗਲਾਂ ਨਾਲ ਕੰਨ ਬੰਦ ਕਰ ਲੈਣੇ, ਤੇ ਦੋ ਉਂਗਲਾਂ ਬੰਦ ਕੀਤੀਆਂ ਹੋਈਆਂ ਅੱਖਾਂ 'ਤੇ ਰੱਖ ਲੈਣੀਆਂ, 'ਰਾਧਾ ਸੁਆਮੀ' ਮਤ ਅਨੁਸਾਰ 'ਆਲਤੀ ਪਾਲਤੀ' ਆਸਣ ਕਹਿਲਾਉਂਦਾ ਹੈ। ਇਸ ਆਸਨ ਤੋਂ ਉਪ੍ਰੰਤ ਅੱਖਾਂ ਦੇ ਮੱਧ ਤ੍ਰਿਕੁਟੀ ਵਿਚ 'ਸੁਰਤਿ' ਨੂੰ ਟਿਕਾਉਣਾ ਤੇ 'ਰਾਧਾ ਸੁਆਮੀ ਗੁਰੂ' ਦੇ ਸਰੀਰ ਜਾਂ ਫੋਟੋ ਦਾ ਧਿਆਨ ਕਰਨਾ ਅਤੇ ਨਾਮ ਦਾ ਰਟਨਾ ਮੁਖ ਸਾਧਨ ਹੈ। ਇਥੋਂ *ਸਾਰ ਬਚਨ* ਦੇ ਕਥਨ ਅਨੁਸਾਰ ਰੂਹਾਨੀ ਸਫ਼ਰ ਅਰੰਭ ਹੋ ਜਾਂਦਾ ਹੈ।

ਰੂਹਾਨੀ ਸਫ਼ਰ ਦੀ ਪਹਿਲੀ ਝਾਕੀ

ਸਾਰ ਬਚਨ ਵਿਚ ਲਿਖਿਆ ਹੈ:

"ਜਿਸ ਵਕਤ ਨਿਗਾਹ ਤੁਮਾਰੀ ਦਿਮਾਗ ਕੇ ਭੀਤਰ ਉਲਟ ਕਰ ਆਸਮਾਨ ਕੋ ਦੇਖੇਗੀ ਔਰ ਰੂਹ ਤੁਮਾਰੀ ਜਿਸਮ ਕੋ ਛੋੜ ਕਰ ਊਪਰ ਚੜ੍ਹੇਗੀ ਤੋ ਤੁਮ ਕੋ ਆਕਾਸ਼ ਨਜ਼ਰ ਪੜੇਗਾ, ਜਿਸ ਮੇਂ 'ਥਾਨਾ ਸਹੰਸਰ ਦਲ ਕੰਵਲ' ਹੈ, ਔਰ ਹਜ਼ਾਰੋਂ ਪੰਖੜੀਆਂ ਉਸ ਕੀ ਜੁਦਾ ਜੁਦਾ ਤੀਨ ਲੋਕ ਕਾ ਕਾਮ ਦੇ ਰਹੀ ਹੈਂ, ਜਿਸ ਕੀ ਸੈਰ ਕੋ ਦੇਖ ਕਰ ਤੁਮ ਬਹੁਤ ਖੁਸ਼ ਹੋਂਗੇ। ਔਰ ਤੀਨ ਲੋਕ ਕੇ ਮਾਲਕ ਕਾ ਦਰਸ਼ਨ ਕਰੋਗੇ, ਬਹੁਤ ਸੇ ਮਜ਼ਹਬ ਤੋ ਇਸੀ ਮੁਕਾਮ ਕੋ ਦੇਖ ਕਰ ਔਰ ਇਸੀ ਕੋ ਕੁਲ ਮਾਲਕ ਸਮਝ ਕਰ ਧੋਖਾ ਖਾ ਗਏ।"

---

੧. ਦੇਖੋ ਰਸਾਲਾ *ਸੱਤ ਸੰਦੇਸ਼* ਦਿੱਲੀ, ਸਤੰਬਰ ੧੯੬੮, ਪੰਨਾ ੧।

ਰਾਧਾ ਸੁਆਮੀ ਦੇ ਆਤਮਿਕ ਸਫ਼ਰ ਦੀ ਪਹਿਲੀ ਝਾਕੀ ਵਿਚ ਦੋ ਗੱਲਾਂ ਬੜੀਆਂ ਆਪਾ ਵਿਰੋਧੀ ਤੇ ਹਾਸੋ-ਹੀਣੀਆਂ ਹਨ। ਇਕ ਸੁਆਮੀ ਜੀ ਦਾ ਇਹ ਕਹਿਣਾ:

'ਰੂਹ ਤੁਮਾਰੀ ਜਿਸਮ ਕੋ ਛੋੜ ਕਰ ਊਪਰ ਚੜ੍ਹੇਗੀ।'

ਸਰੀਰ ਆਲਤੀ ਪਾਲਤੀ ਆਸਨ ਕਰਕੇ ਗੁਰੂ ਦੇ ਧਿਆਨ ਵਿਚ ਬੈਠਾ ਹੈ। ਤ੍ਰਿਕੁਟੀ, ਸੁੰਨ ਗੁਫ਼ਾ, ਭੰਵਰ ਗੁਫ਼ਾ ਤੇ ਦਸਮ ਦੁਆਰ ਜਿਸਮ ਵਿਚ ਹੀ ਹਨ। ਰੂਹ ਜਿਸਮ ਨੂੰ ਛਡ ਕੇ ਕਿਥੇ ਚੜ੍ਹ ਗਈ?

ਸੁਆਮੀ ਜੀ ਨਾਲ ਹੀ ਦੱਸਦੇ ਹਨ—ਉਥੇ ਅਕਾਸ਼ ਨਜ਼ਰ ਆਵੇਗਾ, ਜਿਸ ਵਿਚ 'ਥਾਨਾ ਸਹੰਸਰ ਦਲ ਕੰਵਲ' ਹੈ। ਇਥੇ ਤੀਨ ਲੋਕ ਦੇ ਮਾਲਕ ਦਾ ਦਰਸ਼ਨ ਕਰੋਗੇ।

ਇਕ ਪਾਸੇ ਰਾਧਾ ਸੁਆਮੀ ਨੂੰ ਕੁਲ ਮਾਲਕ ਦਸਿਆ ਜਾਂਦਾ ਹੈ, ਦੂਜੇ ਪਾਸੇ 'ਥਾਨਾ ਸਹੰਸਰ ਦਲ ਕੰਵਲ' ਉਪਰ ਤਿੰਨਾਂ ਲੋਕਾਂ ਦੇ ਮਾਲਕ ਦੇ ਦਰਸ਼ਨ ਕਰਾਏ ਜਾਂਦੇ ਹਨ। ਉਥੇ ਕੁਲ ਮਾਲਕ ਦਾ ਕੋਈ ਅਧਿਕਾਰ ਨਹੀਂ ਹੈ।

ਕੁਲ ਮਾਲਕ ਦਾ ਮਤਲਬ ਤਾਂ ਸਰਬ ਵਿਆਪਕ ਅਕਾਸ਼, ਪਤਾਲ ਤੇ ਮਾਤ-ਲੋਕ ਦਾ ਮਾਲਕ ਹੈ। ਪਰ ਰਾਧਾ ਸੁਆਮੀਆਂ ਦਾ ਕੁਲ ਮਾਲਕ ਸਹੰਸਰ ਦਲ ਕੰਵਲ ਉਤੇ ਕਾਬਜ਼ ਨਹੀਂ। ਉਹ ਤ੍ਰਿਕੁਟੀ, ਸੁੰਨ ਅਤੇ ਅਗੰਮ ਲੋਕ ਲੰਘ ਕੇ ਸਤਵੀਂ ਥਾਂ ਬੈਠਾ ਹੈ।

ਸੁਆਲ ਇਹ ਹੈ ਕਿ ਰੂਹ ਜਿਸਮ ਨੂੰ ਛੱਡ ਕੇ ਕਿਥੇ ਚਲੀ ਗਈ? ਜਿਸ ਵਕਤ ਰੂਹ ਜਿਸਮ ਤੋਂ ਅੱਡ ਹੋ ਜਾਏ, ਸਰੀਰ ਦੀ ਉਸੇ ਵਕਤ ਮੌਤ ਹੋ ਜਾਂਦੀ ਹੈ।

ਰਾਧਾ ਸੁਆਮੀ ਦੀ ਪਹਿਲੀ ਰੂਹਾਨੀ ਝਾਕੀ ਇਕ ਭੁਲ-ਭੁਲਈਆਂ ਹੈ, ਘਣ-ਚਕ੍ਰ ਹੈ, ਜਿਸ ਦਾ ਜਨ ਸਾਧਾਰਨ ਨੂੰ ਕੀ, ਕਿਸੇ ਸਿਆਣੇ ਨੂੰ ਵੀ ਪਤਾ ਨਹੀਂ ਲਗ ਸਕਦਾ।

ਰੂਹਾਨੀ ਸਫ਼ਰ ਦੀ ਦੂਜੀ ਝਾਕੀ

ਹੁਣ ਰਤਾ ਦੂਜੀ ਝਾਕੀ ਉਪਰ ਨਜ਼ਰ ਮਾਰੋ।

ਸਾਰ ਬਚਨ ਵਿਚ ਲਿਖਿਆ ਹੈ:

"ਇਸ ਅਕਾਸ਼ ਕੇ ਊਪਰ ਏਕ ਦਰਵਾਜ਼ਾ ਨਿਹਾਇਤ ਹੀ ਛੋਟਾ ਹੈ, ਜੈਸੇ ਕਿ ਸੂਈ ਕਾ ਨਾਕਾ, ਅਪਨੀ ਰੂਹ ਕੋ ਇਸ ਮੇਂ ਪ੍ਰਵੇਸ਼ ਕਰੋ, ਔਰ ਜਹਾਂ ਸੇ ਤੁਮ

ਕੋ ਏਕ ਰਾਸਤਾ ਤਿਰਛਾ ਔਰ ਫਿਰ ਊਂਚਾ ਜਿਸਕੋ 'ਬੰਕ ਨਾਲ' ਭੀ ਕਹਿਤੇ ਹੈਂ, ਮਿਲੇਗਾ। ਸੋ ਤੁਮ ਪਾਰ ਕਰ ਕੇ ਦੂਸਰੇ ਆਸਮਾਨ ਪਰ ਪਹੁੰਚ ਜਾਓ, ਜਹਾਂ ਕਿ ਤੁਮ ਕੋ ਮੁਕਾਮ ਮਿਲੇਗਾ, ਜਿਸਕਾ ਨਾਮ ਤ੍ਰਿਕੁਟੀ ਹੈ..... ਜਿਸਕਾ ਫੈਲਾਉ ਲਾਖ ਯੋਜਨ ਤੂਲ-ਤਵੀਲ ਹੈ, ਇਸ ਮੁਕਾਮ ਪਰ ਹਰ ਤਰ੍ਹਾਂ ਕੇ ਤਮਾਸ਼ੇ ਹੋ ਰਹੇ ਹੈਂ, ਜਿਸਕੀ ਕੈਫ਼ੀਅਤ ਯੇਹ ਹੈ ਕਿ ਹਜ਼ਾਰੋਂ ਆਫ਼ਤਾਬ ਔ ਮਹਿਤਾਬ ਇਸ ਮੁਕਾਮ ਕੀ ਰੌਸ਼ਨੀ ਸੇ ਸ਼ਰਮਿੰਦਾ ਹੈਂ। ਉਸ ਜਗ੍ਹਾ ਆਵਾਜ਼ ਓਅੰ ਓਅੰ ਔਰ ਹੂ ਹੂ ਬਾਦਲ ਕੀ ਸੀ ਗਰਜ ਆ ਰਹੀ ਹੈ, ਔਰ ਨਿਹਾਇਤ ਹੀ ਸੁਹਾਵਨੀ ਆਵਾਜ਼ ਆਠੋਂ ਪਹਿਰ ਹੋਤੀ ਰਹਿਤੀ ਹੈ, ਜਿਸਕੋ ਦੇਖ ਕਰ ਤੁਮਾਰੀ ਰੂਹ ਕੋ ਨਿਹਾਇਤ ਹੀ ਸਰੂਰ ਹਾਸਲ ਹੋਗਾ।"

ਰੂਹਾਨੀ ਸਫ਼ਰ ਦੀ ਤੀਜੀ ਝਾਕੀ

"ਫਿਰ ਰੂਹ ਊਪਰ ਕੋ ਚੜ੍ਹਤੀ ਹੈ, ਚੜ੍ਹਤੇ ਚੜ੍ਹਤੇ ਕਰੋੜ ਯੋਜਨ ਊਪਰ ਚੜ੍ਹ ਕਰ 'ਸੁੰਨ' ਮੇਂ ਪਹੁੰਚੀ, ਜਿਸਕੋ ਫ਼ੁਕਰਾਉਂ ਨੇ 'ਲਾਹੂਤ' ਕਾ ਆਲਮ ਕਹਾ ਹੈ, ਉਸ ਮਕਾਮ ਪਰ ਰੂਹੇਂ ਬਿਲਾਸ ਕਰਤੀ ਹੈਂ,.....ਯਹਾਂ ਪਰ ਤਾਲਾਬ ਜਲਾਲੀ ਔਰ ਹੌਜ਼ੇ ਕੌਸਰੀ ਪੁਰ ਅਜ਼ 'ਆਬਿਹਯਾਤ' ਕਿ ਜਿਨਕੋ ਹਿੰਦੀ ਮੇਂ ਮਾਨ ਸਰੋਵਰ ਕਹਿਤੇ ਹੈਂ, ਜਗ੍ਹਾ-ਬ-ਜਗ੍ਹਾ ਮੌਜੂਦ ਹੈਂ, ਔਰ ਚਮਨ ਵਾ ਗੁਲਸ਼ਨ ਕਸਰਤ ਸੇ ਖਿਲੇ ਹੈਂ, ਯਹਾਂ ਪਰ ਅਕਸਰ ਰੂਹੇਂ ਬਸੂਰਤ ਨਾਜ਼ਨੀਨਾਂ ਰਕਸ ਕਰ ਰਹੀ ਹੈਂ, ਵਾ ਗਿਜ਼ਾ, ਹਾਏ ਲਤੀਫ਼ ਨਿਹਾਇਤ ਹੀ ਤਰੋ ਤਾਜ਼ਾ, ਵ ਸ਼ੀਰੀਂ ਮੌਜੂਦ ਹੈਂ ਔਰ ਜਗ੍ਹਾ-ਬ-ਜਗ੍ਹਾ ਨਿਹਾਇਤ ਉਮਦਾ ਗਾਨੇ ਬਜਾਨੇ ਹੋ ਰਹੇ ਹੈਂ ਕਿ ਜਿਸ ਕੇ ਆਨੰਦ ਕੋ ਕੋਈ ਖ਼ਾਸ ਰੂਹ ਹੀ ਜਾਨ ਸਕਤੀ ਹੈ..... ਇਸ ਜਗ੍ਹਾ ਪਰ ਹੀਰੋਂ ਕੇ ਚਬੂਤਰੇ, ਪੰਨੋਂ ਕੇ ਕਯਾਰੇ, ਔਰ ਜਵਾਹਰਾਤ ਕੇ ਪੌਦੇ ਹੈਂ, ਜਿਨ ਪਰ ਲਾਲ ਔਰ ਚੂਨੀਆਂ ਜੜ੍ਹੀ ਹੂਈ ਹੈਂ, ਵਹਾਂ ਪਰ ਤਾਲਾਬੋਂ ਮੇਂ ਜੜਾਊ ਮਛਲੀਆਂ ਤੈਰਤੀ ਰਹਿਤੀ ਹੈਂ, ਉਨਕੀ ਦਮ ਦਮ ਪਰ ਝਲਕ, ਔਰ ਪਲ ਪਲ ਪਰ ਚਰ ਚਰ ਦਿਲ ਕੋ ਪਕੜਤੀ ਹੈ, ਔਰ ਜਿਨ ਕੇ ਮੁਕਾਬਲ ਅਨੰਤ ਸ਼ੀਸ਼ ਮਹੱਲ ਬਨੇ ਹੂਏ ਹੈਂ।"

ਪਾਠਕ ਰਾਧਾ ਸੁਆਮੀ ਦੇ ਰੂਹਾਨੀ ਸਫ਼ਰ ਦੀ ਦੂਜੀ ਅਤੇ ਤੀਜੀ ਝਾਕੀ ਨੂੰ ਗਹੁ ਨਾਲ ਵਿਚਾਰਨ।

ਸਹੰਸਰ ਦਲ ਕੰਵਲ ਤੋਂ ਉਤੇ ਇਕ ਆਕਾਸ਼ ਦਸਿਆ ਗਿਆ ਹੈ। ਉਥੇ ਸੂਈ ਦੇ ਨੱਕੇ ਜੇਡਾ ਛੋਟਾ ਜੇਹਾ ਦਰਵਾਜ਼ਾ ਹੈ। ਰੂਹ ਨੂੰ ਉਸ ਵਿਚ ਦਾਖ਼ਲ ਕਰੋ। ਉਥੋਂ ਇਕ ਰਸਤਾ ਟੇਢਾ ਜਿਹਾ ਨਿਕਲਦਾ ਹੈ, ਜੋ 'ਬੰਕ ਨਾਲ' ਨੂੰ ਜਾਂਦਾ ਹੈ।

ਫਿਰ ਉਹ ਅਸਮਾਨ ਪਾਰ ਕਰ ਕੇ ਦੂਜੇ ਅਸਮਾਨ ਵਿਚ ਦਾਖ਼ਲ ਹੋ ਜਾਉ, ਜਿਥੇ ਤੁਹਾਨੂੰ ਤ੍ਰਿਕੁਟੀ ਮਿਲੇਗੀ। ਜਿਸਦਾ ਫੈਲਾਉ ਲੱਖ ਯੋਜਨ ਲੰਮਾ ਚੌੜਾ ਹੈ, ਉਥੇ ਸੂਰਜ ਚੰਨ ਦੀ ਰੌਸ਼ਨੀ ਓਅੰਕਾਰ ਤੇ ਬੱਦਲਾਂ ਦੀ ਗਰਜ ਸੁਣਾਈ ਦੇਵੇਗੀ।

ਤੀਜੀ ਥਾਵੇਂ ਰੂਹ ਦੋ ਕਰੋੜ ਯੋਜਨ ਉਤਾਹਾਂ ਚੜ੍ਹ ਕੇ ਸੁੰਨ ਵਿਚ ਪਹੁੰਚੀ, ਜਿਸਨੂੰ ਫ਼ਕੀਰਾਂ ਨੇ 'ਲਾਹੂਤ' ਕਿਹਾ ਹੈ। ਉਥੇ ਆਬਿਹਯਾਤ ਦੇ ਭਰੇ ਹੋਏ ਤਲਾ, ਖਿੜੇ ਹੋਏ ਚਮਨ ਤੇ ਗੁਲਸ਼ਨ, ਸੁੰਦਰ ਔਰਤਾਂ ਦੀ ਸ਼ਕਲ ਵਿਚ ਰੂਹਾਂ ਨਾਚ ਕਰਦੀਆਂ ਦਿਸਣਗੀਆਂ। ਹੀਰਿਆਂ ਦੇ ਚਬੂਤਰੇ, ਪੰਨਿਆਂ ਦੇ ਕਿਆਰੇ ਅਤੇ ਜਵਾਹਰਾਤ ਦੇ ਬੂਟੇ ਹਨ। ਤਲਾਬਾਂ ਵਿਚ ਚਮਕਦਾਰ ਮੱਛੀਆਂ ਤਰਦੀਆਂ ਹਨ, ਅਤੇ ਸ਼ੀਸ਼ ਮਹਿਲ ਬਣੇ ਹੋਏ ਹਨ।

ਸਾਰ ਬਚਨ ਦੀ ਦੂਜੀ ਤੇ ਤੀਜੀ ਰੂਹਾਨੀ ਸਫ਼ਰ ਦੀ ਝਾਕੀ ਹਿੰਦੂਆਂ ਦੇ ਪੁਰਾਣੇ ਕਲਪਤ ਸਵਰਗ ਤੇ ਮੁਸਲਮਾਨਾਂ ਦੇ ਬਹਿਸ਼ਤ ਦੀ ਨਕਲ ਹੈ, ਜਿਸਦੀ ਕੋਈ ਅਸਲੀਅਤ ਨਹੀਂ।

ਭਾਰਤ ਦੇ ਬ੍ਰਹਮ ਰਿਸ਼ੀ ਤੇ ਸਾਰੀ ਦੁਨੀਆ ਦੇ ਫ਼ਿਲਾਸਫ਼ਰ ਆਤਮਾ ਜਾਂ ਰੂਹ ਨੂੰ ਇਕ ਵਿਆਪਕ ਸੱਤਾ ਤੇ ਪਰਮਾਤਮਾ ਦੀ ਅੰਸ਼ ਮੰਨਦੇ ਹਨ। ਉਹ ਦੇਸ਼ ਕਾਲ ਦੀਆਂ ਹੱਦਾਂ ਤੋਂ ਪਰੇ ਹੈ। ਉਸ ਨੂੰ 'ਰਾਮ ਕੀ ਅੰਸ' ਕਿਹਾ ਗਿਆ ਹੈ। ਉਹ 'ਇਕ ਵਿਆਪਕ ਚੇਤੰਨ ਸੱਤਾ' ਹੈ।

ਸ੍ਰੀ ਕ੍ਰਿਸ਼ਨ ਨੇ ਗੀਤਾ ਵਿਚ ਕਿਹਾ ਹੈ:

ਨੈਨੰ ਛਿਦੰਤੀ ਸ਼ਸਤ੍ਰਾਣਿ ਨੈਨੰ ਦਹਤਿ ਪਾਵਕਾ।

ਭਾਵ: ਹੇ ਅਰਜਨ! ਆਤਮਾ ਨੂੰ ਸ਼ਸਤ੍ਰ ਕਟ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਪਾਣੀ ਵਿਚ ਡੁਬ ਨਹੀਂ ਸਕਦਾ।

ਪਾਵਨ ਗੁਰਬਾਣੀ ਵਿਚ ਆਇਆ ਹੈ:

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ *(ਮਾਰੂ ਮ: ੧, ਪੰਨਾ ੧੦੪੧)*

ਭਗਤ ਪੀਪਾ ਜੀ ਕਹਿੰਦੇ ਹਨ:

ਜੋ ਬ੍ਰਹਮੰਡੇ ਸੋਈ ਪਿੰਡੇ..... *(ਧਨਾਸਰੀ ਪੀਪਾ ਜੀ, ਪੰਨਾ ੬੯੫)*

ਭਾਵ ਇਹ ਹੈ ਕਿ ਜੋ ਪਰਮਾਤਮਾ ਬ੍ਰਹਿਮੰਡ ਵਿਚ ਵਿਆਪਕ ਹੈ ਉਹੀ ਪਿੰਡ (ਸਰੀਰ) ਵਿਚ ਆਤਮ ਸਰੂਪ ਕਰਕੇ ਮੌਜੂਦ ਹੈ।

ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਨ੍ਹਾਂ ਮੂਲ ਤੱਤਾਂ ਤੋਂ ਬ੍ਰਹਿਮੰਡ ਬਣਿਆ ਹੈ, ਉਹ ਪਿੰਡ ਵਿਚ ਵੀ ਮੌਜੂਦ ਹਨ। ਇਕਬਾਲ ਨੇ ਕਿਹਾ ਹੈ:

ਹਕੀਕਤ ਏਕ ਹੈ ਹਰ ਸ਼ੈ ਕੀ ਖ਼ਾਕੀ ਹੋ ਯਾ ਨੂਰੀ ਹੋ।
ਲਹੂ ਖ਼ੁਰਸ਼ੀਦ ਕਾ ਨਿਕਲੇ ਅਗਰ ਜ਼ੱਰੇ ਕਾ ਦਿਲ ਚੀਰੇਂ।

ਰਾਧਾ ਸੁਆਮੀ ਵਲੋਂ ਰਾਮ ਕੀ ਅੰਸ ਤੇ ਸਰਬ ਵਿਆਪਕ ਚੇਤੰਨ ਸੱਤਾ ਰੂਹ (ਆਤਮਾ) ਨੂੰ ਸੂਈ ਦੇ ਨੱਕੇ ਵਿਚੋਂ ਲੰਘਾਣਾ, ਟੇਢੇ ਰਸਤਿਆਂ ਤੇ ਬੰਕ ਨਾਲ ਵਿਚ ਘੁਮਾਈ ਫਿਰਨਾ, ਫਿਰ ਤ੍ਰਿਕੁਟੀ ਵਿਚ ਚੜ੍ਹਾ ਦੇਣਾ, ਜਿਸਦਾ ਫੈਲਾਉ ਲੱਖ ਯੋਜਨ ਲੰਮਾ ਚੌੜਾ ਹੈ, ਅਤਿ ਬੇ-ਦਲੀਲ ਤੇ ਹਾਸੋ-ਹੀਣੀਆਂ ਗੱਲਾਂ ਹਨ।

'ਸੁੰਨ' ਉਸ ਅਵਸਥਾ ਨੂੰ ਕਹਿੰਦੇ ਹਨ, ਜਿਥੇ ਕਿਸੇ ਚੀਜ਼ ਦੀ ਹੋਂਦ ਨਹੀਂ ਹੁੰਦੀ। 'ਸੁੰਨ ਵਾਦ' ਬੁਧ ਮਤ ਦਾ ਸਿਧਾਂਤ ਹੈ, ਜਿਸ ਨੂੰ ਜੋਗੀਆਂ ਨੇ ਕਬੂਲ ਕੀਤਾ।

ਸੁਆਮੀ ਜੀ 'ਸੁੰਨ' ਵਿਚ ਵੀ ਰੂਹਾਂ ਦਾ ਬਿਲਾਸ ਦਸਦੇ ਹਨ। ਗਪੌੜੇ ਨਹੀਂ ਤੇ ਹੋਰ ਕੀ ਹਨ ?

ਸੁਆਲ ਪੈਦਾ ਹੁੰਦਾ ਹੈ ਕਿ ਦੂਜੀ ਝਾਕੀ ਵਿਚ ਤ੍ਰਿਕੁਟੀ ਦਾ ਫੈਲਾਉ ਲੱਖ ਯੋਜਨ ਦਸਿਆ ਹੈ ਤੇ ਤੀਸਰੀ ਝਾਕੀ ਵਿਚ ਰੂਹ ਦਾ ਦੋ ਕਰੋੜ ਯੋਜਨ ਉਪਰ ਚੜ੍ਹ ਕੇ 'ਸੁੰਨ' ਵਿਚ ਪਹੁੰਚਣ ਦਾ ਨਾਪ ਕੌਣ ਕਰਦਾ ਰਿਹਾ ? ਰੂਹ ਦੇ ਨਾਲ ਵਿੱਥ ਨਾਪਣ ਵਾਲੀ ਕੋਈ ਵਖਰੀ ਚੀਜ਼ ਹੋ ਸਕਦੀ ਹੈ। ਦੱਸੋ, ਉਹ ਕੌਣ ਸੀ ? ਰਾਧਾ ਸੁਆਮੀਆਂ ਪਾਸ ਇਸਦਾ ਕੋਈ ਜੁਆਬ ਨਹੀਂ ਹੈ।

ਕੌਸਰ ਤੇ ਆਬਿਹਯਾਤ ਦੇ ਤਲਾਅ, ਚਮਨ ਤੇ ਖਿੜੇ ਹੋਏ ਗੁਲਸ਼ਨ, ਨਾਚ ਮੁਜਰਾ ਕਰਦੀਆਂ ਨਾਜ਼ਨੀਨਾਂ (ਹੂਰਾਂ), ਸੁਆਦੀ ਭੋਜਨ ਨਿਰੋਲ ਇਸਲਾਮੀ ਬਹਿਸ਼ਤ ਦਾ ਤਸੱਵਰ ਹਨ। ਸੁਆਮੀ ਸ਼ਿਵ ਦਿਆਲ ਜੀ ਨੇ ਫ਼ਾਰਸੀ ਤੇ ਅਰਬੀ ਦਾ ਜੋ ਸਾਹਿਤ ਪੜ੍ਹਿਆ, ਉਸਦਾ ਛਾਇਆਵਾਦ ਹੈ।

ਹੀਰਿਆਂ ਦੇ ਚਬੂਤਰੇ, ਪੰਨਿਆਂ ਦੇ ਕਿਆਰੇ ਤੇ ਜਵਾਹਰਾਤ ਦੇ ਬੂਟੇ ਸੁਆਮੀ ਜੀ ਦੀ ਅੰਤ੍ਰੀਵ ਮਾਇਆਵਾਦੀ ਮਨੋਬਿਰਤੀ ਦਾ ਅਕਸ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:

ਮਤਿ ਵਿਚਿ ਰਤਨ ਜਹਾਵਰ ਮਾਣਿਕ..... *(ਜਪੁਜੀ ੬)*

ਇਹ ਦਰੁਸਤ ਅਤੇ ਸਾਇੰਟੇਫਿਕ ਹੈ, ਜਿਸਦਾ ਭਾਵ ਹੈ ਕਿ ਮਨੁੱਖ ਦੀ ਮਤਿ (ਬੁਧੀ) ਵਿਚ ਕਈ ਉਤਮ ਗੁਣ ਤੇ ਸ਼ਕਤੀਆਂ ਮੌਜੂਦ ਹਨ।

ਇਸ ਨੂੰ ਵਰਤਮਾਨ ਜੁਗ ਦੇ ਮਨੋਵਿਗਿਆਨੀ ਵੀ ਮੰਨਦੇ ਹਨ। ਪਰ ਰਾਧਾ ਸੁਆਮੀ ਨੇ ਤੀਸਰੀ ਰੂਹਾਨੀ ਝਾਕੀ ਵਿਚ ਜੋ ਦਿਲ ਖਿਚਵੇਂ ਨਜ਼ਾਰੇ ਬਿਆਨ ਕੀਤੇ ਹਨ, ਇਹ ਇਸਲਾਮੀ ਬਹਿਸ਼ਤ ਦਾ ਚਰਬਾ ਹਨ, ਜਿਨ੍ਹਾਂ ਦੀ ਕੋਈ ਹਕੀਕਤ ਨਹੀਂ।

ਰੂਹਾਨੀ ਸਫ਼ਰ ਦੀ ਚੌਥੀ ਝਾਕੀ

ਸਾਰ ਬਚਨ ਵਿਚ ਲਿਖਿਆ ਹੈ:

"ਫਿਰ ਮੁਰਸ਼ਦੋਂ ਕੀ ਹਦਾਇਤ ਸੇ ਰੂਹ ਆਗੇ ਕੋ ਚਲੀ, ਚਲਤੇ ਚਲਤੇ ਪਾਂਚ ਅਰਬ, ਪਝੰਤ੍ਰ ਕਰੋੜ ਯੋਜਨ[1] ਊਂਚੀ ਗਈ, ਫਿਰ ਦਸ ਨੀਲ ਜ਼ੁਲਮਾਤ ਯਾਨਿ ਅੰਧੇਰਾ ਹੈ, ਗਹਰਾਈ ਤਿਮਰ ਖੰਡ ਕੀ, ਕਹਾਂ ਤਕ ਵਰਣਨ ਕਰੂੰ ? ਖਰਬ ਯੋਜਨ ਤਕ ਰੂਹ ਨੀਚੇ ਉਤਰਤੀ ਗਈ, ਜਬ ਥਾਹ ਇਸ ਮਕਾਮ ਕੀ ਨਾ ਆਈ ਤੋਂ ਫਿਰ ਲੌਟ ਕਰ ਊਪਰ ਕੋ ਹੀ ਚਲੀ ਆਈ। ਔਰ ਜੋ ਨਿਸ਼ਾਨਾ ਮੁਰਸ਼ਦੋਂ ਨੇ ਬਤਲਾਇਆ ਥਾ ਉਸਕੀ ਰਸੀਦ ਲੇਕਰ ਰਾਸਤਾ ਰਾਸਤਾ ਚਲੀ।"

ਕਈ ਸੱਜਣਾਂ ਦਾ ਖ਼ਿਆਲ ਹੈ ਕਿ *ਸਾਰ ਬਚਨ* ਰਾਧਾ ਸੁਆਮੀ ਸ਼ਿਵ ਦਿਆਲ ਜੀ ਦੀ ਲਿਖੀ ਹੋਈ ਨਹੀਂ, ਰਾਧਾ ਸੁਆਮੀ ਨਾਮ ਵਾਂਗੂ ਇਹ ਪੁਸਤਕ ਵੀ ਰਾਇ ਬਹਾਦਰ ਸਾਲਗਰਾਮ ਦੀ ਕ੍ਰਿਤ ਹੈ। ਉਹ ਜਾਤ ਦੇ ਕਾਇਸਥ ਸਨ। ਯੂ.ਪੀ. ਦੇ ਕਾਇਸਥ ਹਿਸਾਬ ਕਿਤਾਬ ਬਹੁਤ ਜਾਣਦੇ ਸਨ, ਰੂਹਾਨੀ ਸਫ਼ਰ ਵਿਚ ਯੋਜਨਾਂ ਦੀ ਗਿਣਤੀ ਮਿਣਤੀ ਕਰਨੀ ਕਿਸੇ ਬੜੇ ਹਿਸਾਬੀ ਦਾ ਕੰਮ ਹੈ, ਉਹ ਰਾਇ ਬਹਾਦਰ ਸਾਲਗਰਾਮ ਹੀ ਹੋ ਸਕਦੇ ਹਨ।

ਪਹਿਲੇ ਰੂਹ ਪੰਜ ਅਰਬ ਪਝੰਤਰ ਕਰੋੜ ਯੋਜਨ ਉਤਾਂਹ ਗਈ, ਫਿਰ ਖਰਬ ਯੋਜਨ ਥਲੇ ਡੂੰਘਾਈ ਵਿਚ ਚਲੀ ਗਈ, ਫਿਰ ਮੁੜ ਕੇ ਉਤਾਹਾਂ ਪਰਤ ਆਈ।

ਇਸ ਕਿਸਮ ਦੇ ਗਪੌੜਿਆਂ ਉਪਰ ਇਸ ਅਕਲ ਤੇ ਸਾਇੰਸ ਦੇ ਜੁਗ ਵਿਚ ਕੋਈ ਯਕੀਨ ਨਹੀਂ ਕਰ ਸਕਦਾ।

ਗ਼ੈਰ ਮਾਦੀ ਚੀਜ਼ਾਂ ਜੋ ਤੋਲੀਆਂ ਤੇ ਮਿਣੀਆਂ ਨਹੀਂ ਜਾ ਸਕਦੀਆਂ, ਉਨ੍ਹਾਂ ਸੰਬੰਧੀ ਯੋਜਨਾਂ ਦੀ ਗਿਣਤੀ ਮਿਣਤੀ ਕਰਨੀ ਰੂਹ ਦਾ ਕੰਮ ਨਹੀਂ, ਬਲਕਿ ਸਰੀਰ ਦੀਆਂ ਗਿਆਨ ਇੰਦ੍ਰੀਆਂ ਦਾ ਹੈ। ਕਿਸੇ ਵਸਤੂ ਨੂੰ ਤੋਲਣ ਜਾਂ ਮਿਣਨ ਲਈ ਗਜ਼, ਜਰੀਬ, ਤਕੜੀ-ਵਟੇ, ਹੱਥ, ਪੈਰ, ਅੱਖਾਂ ਤੇ ਬੁਧੀ ਚਾਹੀਦੇ ਹਨ। ਪਰ ਰੂਹਾਨੀ ਸਫ਼ਰ ਤੋਂ ਪਹਿਲਾਂ ਹੀ ਸੁਆਮੀ ਜੀ ਦਸਦੇ ਹਨ ਕਿ 'ਰੂਹ ਜਿਸਮ ਕੋ ਛੋੜ ਕਰ ਊਪਰ ਚੜੀ' ਭਾਵ, ਰੂਹਾਨੀ ਸਫ਼ਰ ਵਿਚ ਸਰੀਰ ਤੇ ਗਿਆਨ ਇੰਦ੍ਰੀਆਂ ਦਾ ਕੋਈ ਸੰਬੰਧ ਨਹੀਂ ਰਿਹਾ। ਫਿਰ ਦੱਸੋ ਯੋਜਨਾਂ ਦੀ ਗਿਣਤੀ ਕਿਸ ਕੀਤੀ ?

ਆਤਮਾ ਦੀ ਬਾਬਤ ਅਜ ਤੀਕ ਇਹ 'ਮੰਤਕ' ਹੋਰ ਕਿਸੇ ਨਹੀਂ ਛਾਂਟਿਆ। ਪਰ ਇਸ ਤੋਂ ਪ੍ਰਤੀਤ ਹੁੰਦਾ ਹੈ ਕਿ 'ਰਾਧਾ ਸੁਆਮੀ' ਦੀ ਰੂਹ ਹਨੇਰੇ ਵਿਚ ਭਟਕਦੀ

---

੧. ਇਕ ਯੋਜਨ ਚਾਰ ਕੋਹ ਜਾਂ ਛੇ ਮੀਲਾਂ ਦਾ ਹੁੰਦਾ ਹੈ।

ਰਹੀ। ਕਈ ਰਾਧਾ ਸੁਆਮੀ ਇਸ ਬੇਮੰਤਕੀ ਗੱਲ ਨੂੰ ਸਿੱਧ ਕਰਨ ਤੇ ਸਿੱਖਾਂ ਨੂੰ ਟਪਲਾ ਦੇਣ ਲਈ ਗੁਰਬਾਣੀ ਵਿਚੋਂ ਇਹ ਸਲੋਕ ਪੜ੍ਹਦੇ ਹਨ:

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥

(ਵਾਰ ਮਾਝ ਕੀ, ਸਲੋਕ ਮਹਲਾ ੨, ਪੰਨਾ ੧੩੯)

ਇਸ ਲਈ ਪ੍ਰਸ਼ਨ ਉਠਦਾ ਹੈ ਕਿ ਉਹ ਕਿਹੜੀਆਂ ਅੱਖਾਂ ਹਨ, ਜਿਨ੍ਹਾਂ ਰਾਹੀਂ ਅਸੀਂ ਵਾਹਿਗੁਰੂ ਦੇ ਦਰਸ਼ਨ ਕਰ ਸਕਦੇ ਹਾਂ? ਉਹ ਕਿਹੜੇ ਹੱਥ ਪੈਰ ਤੇ ਜੀਭ ਆਦਿ ਹਨ, ਜਿਨ੍ਹਾਂ ਰਾਹੀਂ ਅਸੀਂ 'ਨਿਰੰਕਾਰ' ਨੂੰ ਜਾਣ ਸਕਦੇ ਹਾਂ? ਇਸ ਬੁਝਾਰਤ ਦਾ ਨਿਰਣਾ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਾਲ ਦੇ ਸਲੋਕ ਵਿਚ ਹੀ ਇਉਂ ਕੀਤਾ ਹੈ:

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ॥
ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥
ਭੈ ਕੇ ਚਰਣ, ਕਰ ਭਾਵ ਕੇ, ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥

(ਵਾਰ ਮਾਝ ਕੀ, ਸਲੋਕ ਮਹਲਾ ੨, ਪੰਨਾ ੧੩੯)

ਵਾਹਿਗੁਰੂ ਦਾ ਭੈ ਚਰਨ, 'ਭਾਉ' ਪਿਆਰ ਦੇ 'ਹਥ' ਤੇ 'ਸੁਰਤਿ' ਦੀਆਂ ਅੱਖਾਂ ਬਣਾਉ, ਇਨ੍ਹਾਂ ਨਾਲ ਅਸੀਂ ਪਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਾਂ। ਪਰ ਸਤਿਗੁਰੂਆਂ ਨੇ ਰੂਹ ਦਾ ਪੰਜ ਅਰਬ ਪਚੰਤਰ ਕਰੋੜ ਯੋਜਨ ਹਨੇਰੇ ਵਿਚ ਭਟਕਣਾ ਤਾਂ ਨਹੀਂ ਦਸਿਆ।

ਰੂਹਾਨੀ ਸਫ਼ਰ ਦੀ ਪੰਜਵੀਂ ਝਾਕੀ

ਸਾਰ ਬਚਨ ਦਾ ਕਰਤਾ ਦੱਸਦਾ ਹੈ:

"ਯਹਾਂ ਪਰ ਚਾਰ ਮਕਾਮ ਨਿਹਾਇਤ ਹੀ ਗੁਪਤ ਹੈਂ, ਕਿ ਜਿਨਕਾ ਹਾਲ ਕਿਸੀ ਸੰਤ ਨੇ ਭੀ ਨਹੀਂ ਖੋਲਾ। ਯਹਾਂ ਪਰ ਇਨ ਰੂਹੋਂ ਕੇ ਜੇਹਲਖ਼ਾਨੇ ਬਨੇ ਹੂਏ ਹੈਂ, ਜੋ ਕਿ ਮਰਦੂਦ ਹੈਂ।"

ਨਾਲ ਹੀ ਸਵਾਦਲੀ ਗੱਲ ਇਹ ਹੈ ਕਿ 'ਜੇਹਲਖ਼ਾਨੇ' ਵੀ ਛੇਵੀਂ ਸਟੇਜ

ਉਤੇ ਜਾ ਬਣਾਏ ਹਨ। ਜਿਵੇਂ ਕਚਹਿਰੀਆਂ ਦੇ ਲਾਗੇ ਜੇਹਲਖ਼ਾਨੇ ਹੁੰਦੇ ਹਨ, ਤਿਵੇਂ 'ਰਾਧਾ ਸੁਆਮੀ ਧਾਮ' ਤੋਂ ਥੋੜ੍ਹਾ ਜਿਹਾ ਉਰੇ 'ਮਰਦੂਦਾਂ' ਲਈ ਜੇਹਲਾਂ ਬਣੀਆਂ ਹੋਈਆਂ ਦਸਦੇ ਹਨ। ਜੇ ਕਦੀ ਸੁਆਮੀ ਜੀ ਜੇਹਲਖ਼ਾਨਿਆਂ ਦੀ ਵਿਆਖਿਆ ਕਰ ਦੇਂਦੇ ਕਿ ਬੋਰਸਟਲ ਜਾਂ ਸੈਂਟਰਲ ਜੇਹਲ ਵਰਗੇ ਹਨ, ਤਾਂ ਸੱਚ-ਮੁੱਚ ਹੱਦ ਹੀ ਹੋ ਜਾਂਦੀ, ਨਾਲ ਹੀ ਸੁਪ੍ਰਿੰਟੈਂਡੈਂਟ, ਦਰੋਗ਼ੇ ਤੇ ਵਾਰਡਰਾਂ ਦਾ ਜ਼ਿਕਰ ਕਰ ਦੇਂਦੇ ਤਾਂ ਹੋਰ ਵੀ ਰਸ ਬਣ ਜਾਂਦਾ। ਜੇ ਉਹ ਜੇਹਲ ਦੇ ਕੰਮਾਂ ਦਾ ਕਥਨ ਕਰ ਦੇਂਦੇ, ਭਾਵ ਚੱਕੀ, ਮੁੰਜ, ਕੋਹਲੂ ਆਦਿ ਤਾਂ ਸੱਚਮੁੱਚ, ਲੋਕੀਂ 'ਰਾਧਾ ਸੁਆਮੀ ਧਾਮ' ਨੂੰ ਪੂਜਣ ਲਈ ਆਗਰੇ ਜਾ ਕੇ ਨਾਮ ਲੈ ਲੈਂਦੇ।

ਸਾਇੰਸ ਦੀ ਖੋਜ ਦੱਸਦੀ ਹੈ ਕਿ ਮਨੁੱਖ ਨੂੰ ਹੋਂਦ ਵਿਚ ਆਇਆਂ ਲੱਖਾਂ ਵਰ੍ਹੇ ਹੋ ਗਏ ਹਨ। ਪਹਿਲੇ ਇਹ ਜੰਗਲੀ ਜਨੌਰਾਂ ਵਾਂਗ ਜੀਵਨ ਬਤੀਤ ਕਰਦਾ ਸੀ। ਸਮਾਜਕ ਨੇਮ, ਕਾਨੂੰਨ, ਦੰਡ ਤੇ ਜੇਹਲਾਂ ਸਭਿਅਤਾ ਦੇ ਵਿਕਾਸ ਨਾਲ ਢੇਰ ਚਿਰ ਪਿਛੋਂ ਬਣੀਆਂ ਹਨ।

ਜਾਪਦਾ ਹੈ ਸੁਆਮੀ ਜੀ ਮਾਨਵਤਾ ਦੇ ਵਿਕਾਸ ਤੋਂ ਅਨਜਾਣ ਸਨ, ਇਸ ਲਈ ਉਨ੍ਹਾਂ ਨੇ ਅੰਦਰ ਹੀ ਜੇਹਲਾਂ ਵੀ ਕਲਪਤ ਕਰ ਲਈਆਂ।

ਰੂਹਾਨੀ ਸਫ਼ਰ ਦੀ ਛੇਵੀਂ ਝਾਕੀ

ਸੁਆਮੀ ਜੀ *ਸਾਰ ਬਚਨ* ਵਿਚ ਲਿਖਦੇ ਹਨ:

"ਉਸ ਮਕਾਮ ਕੋ ਛੋੜ ਕਰ ਜਿਸਕਾ ਜ਼ਿਕਰ ਊਪਰ ਕੀਆ ਗਿਆ ਹੈ, ਰੂਹ ਆਲਮ 'ਹੂਆਤ ਆਹੂਤ' ਮੇਂ ਪਹੁੰਚੀ, ਜਿਸ ਕੋ ਹਿੰਦੀ ਮੇਂ 'ਭੰਵਰ ਗੁਫ਼ਾ' ਕਹਿਤੇ ਹੈਂ। ਇਸ ਮਕਾਮ ਪਰ ਏਕ ਨਿਹਾਇਤ ਹੀ ਲਤੀਫ਼ ਹੰਡੋਲਾ ਰੱਖਾ ਹੂਆ ਹੈ, ਜਿਸ ਮੇਂ ਕਿ ਰੂਹੇਂ ਝੂਲਤੀ ਰਹਿਤੀ ਹੈਂ।"

ਰਾਇ ਸਾਹਿਬ ਸਾਲਗਰਾਮ ਜੀ ਨੂੰ *ਸਾਰ ਬਚਨ* ਦਾ ਕਰਤਾ ਮੰਨਿਆ ਜਾਂਦਾ ਹੈ। ਆਪ ਹਿੰਡੋਲ ਝੂਲਦੇ ਹੁੰਦੇ ਸਨ, ਜੋ ਕਿ ਹੁਣ ਤਕ ਆਪ ਦੇ ਮਕਾਨ ਤੇ ਆਗਰੇ ਵਿਚ ਮੌਜੂਦ ਹੈ। ਰੂਹਾਨੀ ਸਫ਼ਰ ਵਿਚ ਉਸਦਾ ਜ਼ਿਕਰ ਆ ਜਾਣਾ ਕੋਈ ਅਚੰਭੇ ਦੀ ਗੱਲ ਨਹੀਂ।

ਰੂਹਾਨੀ ਸਫ਼ਰ ਦੀ ਸਤਵੀਂ ਝਾਕੀ

ਸਾਰ ਬਚਨ ਦਾ ਕਰਤਾ ਪਿਛਲੇ ਦੱਸੇ ਹੋਏ ਟਿਕਾਣਿਆਂ ਤੋਂ ਬਿਨਾਂ ਤਿੰਨ ਟਿਕਾਣੇ ਹੋਰ ਦੱਸਦਾ ਹੈ। ਉਹ ਇਸ ਪ੍ਰਕਾਰ ਹਨ:

(੧) **ਸੱਤ ਲੋਕ**—ਇਸ ਦਾ ਫੈਲਾਉ ਪਦਮ ਪਲਾਂਗ ਹੈ, (ਸਾਰੀ ਤ੍ਰਿਲੋਕੀ ਇਕ ਪਲਾਂਗ ਹੈ)।

(੨) **ਅਲਖ ਲੋਕ**—ਇਸਦਾ ਫੈਲਾਉ ਸੰਖ ਪਲਾਂਗ ਹੈ, ਔਰ ਅਲਖ ਪੁਰਖ ਕੇ ਰੋਮ ਰੋਮ ਮੇਂ ਏਕ ਅਰਬ ਸੂਰਜ ਔਰ ਚਾਂਦ ਕੀ ਰੌਸ਼ਨੀ ਹੈ।

(੩) **ਅਗੰਮ ਲੋਕ**—ਜਿਸਕਾ ਗਹਰਾਉ ਮਹਾਂ ਸੰਖ ਪਲਾਂਗ ਕਾ ਹੈ, ਔਰ ਕ੍ਰੋੜ ਸੰਖ ਯੋਜਨ ਕਾ ਸਰੀਰ ਅਗੰਮ ਪੁਰਸ਼ ਕਾ ਹੈ ਯਹਾਂ ਪਰ ਕਿਸੀ ਕਦਰ ਮਕਾਮ ਕਰਕੇ ਰੂਹ ਆਗੇ ਕੋ ਚਲੀ, ਔਰ ਰਾਧਾ ਸੁਆਮੀ ਧਾਮ ਮੇਂ ਪਹੁੰਚ ਕਰ 'ਰਾਧਾ ਸੁਆਮੀ' ਕਾ ਦੀਦਾਰ ਦੇਖਾ।

ਸਾਰ ਬਚਨ ਵਿਚ ਮਨੁੱਖੀ ਸੁਰਤਿ ਜਾਂ ਜੀਵਾਤਮਾ ਨੂੰ ਦੇਹ ਤੋਂ ਵਖਰੇ ਕਰ ਕੇ ਸੂਈ ਦੇ ਨੱਕੇ, ਬੰਕ ਨਾਲ ਤ੍ਰਿਕੁਟੀ, ਕ੍ਰੋੜਾਂ ਅਰਬਾਂ ਮੀਲਾਂ ਦੀ ਸੁੰਨ ਗੁਫ਼ਾ ਤੇ ਭੰਵਰ ਗੁਫ਼ਾ, ਪ੍ਰਕਾਸ਼ਮਾਨ ਤੇ ਘੋਰ ਅੰਧਕਾਰ ਦੇ ਮੰਡਲਾਂ, ਚੜ੍ਹਾਈਆਂ ਉਤਰਾਈਆਂ ਤੇ ਘਾਟੀਆਂ, ਕੌਸਰ ਤੇ ਆਬਿਹਯਾਤ ਦੇ ਤਲਾਵਾਂ, ਹੂਰਾਂ ਪਰੀਆਂ ਤੇ ਮਰਦੂਦਾਂ ਦੀਆਂ ਜੇਹਲਾਂ ਕੋਲੋਂ ਗੁਜ਼ਰ ਕੇ ਕਲਪਤ ਬਹਿਸ਼ਤ ਦੋਜ਼ਖ਼ ਦੇ ਇਕੱਠੇ ਨਕਸ਼ੇ ਵਿਖਾ ਕੇ ਸਤ ਲੋਕ, ਅਲਖ ਤੇ ਅਗੰਮ ਲੋਕ ਥਾਣੀ ਬੜੀ ਮੁਸ਼ਕਲ ਨਾਲ ਜਿਸ ਤਰ੍ਹਾਂ ਰਾਧਾ ਸੁਆਮੀ ਧਾਮ ਤੀਕ ਪੁਚਾਇਆ ਗਿਆ, ਰੂਹਾਨੀ ਸਫ਼ਰ ਦੀਆਂ ਉਹ ਸਾਰੀਆਂ ਦਿਲਚਸਪ ਝਾਕੀਆਂ ਪਾਠਕਾਂ ਨੇ ਗਹੁ ਨਾਲ ਤੱਕੀਆਂ ਹਨ।

ਛੇ ਚੱਕ੍ਰ

ਇਸ ਤੋਂ ਬਿਨਾਂ ਰਾਧਾ ਸੁਆਮੀ ਜੋਗ ਮਤ ਦੇ ਦੱਸੇ ਹੋਏ ਛੇ ਚੱਕ੍ਰਾਂ ਦੀਆਂ ਘੁੰਮਣਘੇਰੀਆਂ ਵਿਚੋਂ ਦੀ ਸੁਰਤਿ ਨੂੰ ਘੁਮਾਉਂਦੇ ਹਨ। ਉਹ ਚੱਕ੍ਰ ਇਹ ਹਨ :

ਪਹਿਲਾ ਲਿਲਾਟ ਚੱਕ੍ਰ—ਦੋ ਅੱਖਾਂ ਦੇ ਵਿਚਕਾਰ, ਇਥੇ ਆਤਮਾ ਅਤੇ ਮਨ ਦਾ ਨਿਵਾਸ ਦੱਸਦੇ ਹਨ। ਦੂਸਰੇ ਕੰਠ ਚੱਕ੍ਰ—ਜਿਥੇ ੧੬ ਪੱਤੀਆਂ ਦਾ ਨੀਲੇ ਰੰਗ ਦਾ ਕੰਵਲ ਹੈ, ਇਥੇ ਸ਼ਕਤੀ ਦਾ ਨਿਵਾਸ ਹੈ। ਤੀਜਾ ਹਿਰਦੇ ਚੱਕ੍ਰ—ਬਾਰਾਂ ਪੱਤੀਆਂ ਦਾ ਨੀਲ ਕਮਲ ਤੇ ਸ਼ਿਵ ਦਾ ਨਿਵਾਸ। ਚੌਥਾ ਨਾਭੀ ਚੱਕ੍ਰ—ਅਠ ਪੱਤੀਆਂ ਦਾ ਲਾਲ ਕੰਵਲ, ਵਿਸ਼ਨੂੰ ਦਾ ਨਿਵਾਸ। ਪੰਜ ਲਿੰਗ ਚੱਕ੍ਰ—ਛੇ ਪੱਤੀਆਂ, ਚਿੱਟਾ ਲਾਲ ਫੁਲ ਤੇ ਬ੍ਰਹਮਾ ਦਾ ਨਿਵਾਸ। ਛੇਵਾਂ ਅਖ਼ੀਰਲਾ ਗੁਦਾ (ਮੂਲਾ ਧਾਰ) ਚੱਕ੍ਰ—ਚਾਰ ਪੱਤੀਆਂ ਦਾ ਲਾਲ ਕੰਵਲ ਤੇ ਗਨੇਸ਼ ਦਾ ਨਿਵਾਸ ਮੰਨਦੇ ਹਨ। ਤ੍ਰਿਕੁਟ ਜਾਂ ਲਿਲਾਟ ਚੱਕ੍ਰ ਵਿਚ ਜੋਤ ਜਗਾ ਕੇ ਉਸ ਨੂੰ ਆਗਰੇ ਵਾਲੇ ਰਾਧਾ ਸੁਆਮੀ ਧਾਮ ਅਤੇ ਬਿਆਸ ਵਾਲੇ ਸਚਖੰਡ ਤੀਕ ਪਹੁੰਚਾਉਂਦੇ ਹਨ।

ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ, ਕਿਵੇਂ ਜੋਗ ਮਤ ਦੀ ਨਕਲ ਕਰ ਕੇ ਰਾਧਾ ਸੁਆਮੀ ਨੇ ਭੋਲੇ ਭਾਲੇ ਲੋਕਾਂ ਨੂੰ ਭੰਬਲਭੂਸਿਆਂ ਵਿਚ ਪਾਉਣ ਦਾ ਜਤਨ ਕੀਤਾ ਹੈ।

ਕਈ ਜਨਮਾਂ ਦਾ ਗੇੜ

ਸਾਰ ਬਚਨ ਦੀ ਲਿਖਤ ਅਨੁਸਾਰ ਇਕ ਜਨਮ ਵਿਚ ਰਾਧਾ ਸੁਆਮੀ ਧਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਲਕਿ :

'ਏਕ ਜਨਮ ਗੁਰੂ ਭਗਤੀ ਕਰ,
ਜਨਮ ਦੂਸਰੇ ਨਾਮ।
ਜਨਮ ਤੀਸਰੇ ਮੁਕਤਿ ਗਤਿ,
ਚੌਥੇ ਕੋ ਨਿਜ ਧਾਮ।'

ਜਿਸ ਤਰ੍ਹਾਂ ਬੀ.ਏ., ਐਮ.ਏ. ਡਾਕਟਰੀ ਜਾਂ ਇੰਜੀਨੀਅਰੀ ਦੇ ਕੋਰਸ ਦਸ ਦਸ ਪੰਦਰਾਂ ਪੰਦਰਾਂ ਸਾਲ ਦੇ ਹਨ, ਇਸੇ ਤਰ੍ਹਾਂ ਰਾਧਾ ਸੁਆਮੀ ਧਾਮ ਤੀਕ ਪੁਜਣ ਲਈ ਚਾਰ ਜਨਮ ਧਾਰਨ ਦੀ ਲੋੜ ਹੈ। ਪਹਿਲੇ ਜਨਮ ਵਿਚ ਗੁਰੂ ਭਗਤੀ, ਦੂਜੇ ਵਿਚ ਨਾਮ ਦੀ ਪ੍ਰਾਪਤੀ, ਤੀਸਰੇ ਵਿਚ ਮੁਕਤੀ ਅਤੇ ਚੌਥੇ ਜਨਮ ਵਿਚ ਨਿਜ ਧਾਮ ਅਰਥਾਤ ਰਾਧਾ ਸੁਆਮੀ ਦੀ ਪ੍ਰਾਪਤੀ ਹੋ ਸਕਦੀ ਹੈ।

ਵਰਤਮਾਨ ਜੁਗ ਵਿਚ ਜਦਕਿ ਸਾਇੰਸ ਦੀਆਂ ਕਾਢਾਂ ਨੇ ਕਾਲ (Time) ਅਤੇ ਦੂਰੀ (Space) ਨੂੰ ਘਟਾ ਦਿੱਤਾ ਹੈ, ਮਨੁੱਖੀ ਜ਼ਿੰਦਗੀ ਦੀ ਚਾਲ ਬਹੁਤ ਤਿੱਖੀ ਕਰ ਦਿੱਤੀ ਹੈ, ਰੁਝੇਵੇਂ ਬੇਹੱਦ ਵਧ ਗਏ ਹਨ, ਕੀ ਕੋਈ ਆਦਮੀ ਇਸ ਕਿਸਮ ਦਾ ਅਭਿਆਸ ਕਰ ਸਕਦਾ ਹੈ ? ਜਾਂ ਰਾਧਾ ਸੁਆਮੀ ਧਾਮ ਦੀ ਪ੍ਰਾਪਤੀ ਲਈ ਚੌਹਾਂ ਜਨਮਾਂ ਦੇ ਗਧੀ-ਗੇੜੇ ਵਿਚ ਪੈ ਸਕਦਾ ਹੈ ? ਸੋਚਣ ਤੇ ਵਿਚਾਰਨ ਵਾਲੀ ਗੱਲ ਹੈ।

ਇਕ ਮਾਈ ਦੀਆਂ ਚੀਕਾਂ

ਸਾਰ ਬਚਨ ਵਿਚ ਇਕ ਗ਼ਲਤ ਦਾਅਵਾ ਹੋਰ ਕੀਤਾ ਗਿਆ ਹੈ, ਜਿਸ ਦਾ ਜ਼ਿਕਰ ਅਸੀਂ ਤੀਜੇ ਕਾਂਡ ਦੇ ਅਰੰਭ ਵਿਚ ਕਰ ਆਏ ਹਾਂ ਉਹ ਹੈ 'ਯੋਗ ਅਭਿਆਸ ਕਾ ਐਸਾ ਅਸਾਨ ਤਰੀਕਾ ਕਿਸੀ ਨੇ ਬਿਆਨ ਨਹੀਂ ਕੀਆ।' 'ਜਾਦੂ ਵੋਹ ਜੋ ਸਿਰ ਚੜ੍ਹ ਬੋਲੇ' ਦੀ ਕਹਾਵਤ ਅਨੁਸਾਰ ਰਾਧਾ ਸੁਆਮੀ ਯੋਗ ਅਭਿਆਸ

ਦੀਆਂ ਇਕ ਦੋ ਮਿਸਾਲਾਂ ਪੇਸ਼ ਕਰਦੇ ਹਾਂ।

ਸੁਆਮੀ ਸ਼ਿਵ ਦਿਆਲ ਸਿੰਹੁ ਦੇ ਭਰਾ ਲਾਲਾ ਪ੍ਰਤਾਪ ਸਿੰਹੁ ਉਰਫ਼ ਚਾਚਾ ਜੀ ਲਿਖਤ ਸੁਆਮੀ ਜੀ ਦੇ ਜੀਵਨ ਚਰਿਤ੍ਰ (ਹਿੰਦੀ) ਵਿਚ ਲਿਖਿਆ ਹੈ:

"ਏਕ ਮਰਤਬੇ ਕਾ ਜ਼ਿਕਰ ਹੈ ਕਿ ਏਕ ਔਰਤ ਤਖਤ ਬਾਈ ਪੰਜਾਬਨ, ਚੌਧਵੇਂ ਕੀ ਰਹਿਨੇ ਵਾਲੀ ਜੋ ਮਹਾਰਾਜ ਕੀ ਚੇਲੀਓਂ ਮੇਂ ਸੇ ਥੀ.....ਏਕ ਮਰਤਬੇ ਉਸਕੇ ਚੰਦ ਰਿਸ਼ਤੇਦਾਰ ਮਥਰਾ, ਬਿੰਦਰਾਬਨ ਕੇ ਮੇਲੇ ਕੋ ਆਏ, ਮੇਲਾ ਔਰ ਯਾਤਰਾ ਕਰ ਕੇ ਬਾਅਦ ਮੇਂ ਵੋਹ ਆਗਰੇ ਮੇਂ ਭੀ ਆਏ, ਔਰ ਉਸ ਔਰਤ ਸੇ ਭੀ ਮਿਲੇ। ਔਰ ਕਹਾ ਕਿ ਤੂੰ ਯਹਾਂ ਕਿਸ ਲੀਏ ਪੜੀ ਹੈ ? ਯੇਹ ਸਬ ਹਾਲ ਉਸਨੇ ਮਹਾਰਾਜ ਸੇ ਬਿਆਨ ਕੀਆ। ਤਬ ਮਹਾਰਾਜ ਨੇ ਸੋਚ ਕਰ ਕਿ ਉਸਕੀ ਪ੍ਰੀਤ ਮੇਂ ਕਮੀ ਨਾ ਹੋ ਜਾਏ, ਉਸ ਕੋ ਹੁਕਮ ਦੀਆ ਕਿ ਹਮਾਰੇ ਸਾਹਮਨੇ ਭਜਨ ਮੇਂ ਬੈਠ। ਫਿਰ ਉਸਕੀ 'ਸੁਰਤਿ' ਕੋ ਅਪਨੇ ਬਲ ਸੇ ਮਹਾਰਾਜ ਸ਼ਿਵ ਦਯਾਲ ਨੇ ਚੜ੍ਹਾਇਆ ਔਰ ਕੁਛ ਜ਼ਿਆਦਾ ਖੈਂਚ ਦੀਆ, ਇਸ ਤਰ੍ਹਾਂ ਵੋਹ ਚਿਲਾਨੇ ਲਗੀ, 'ਮਹਾਰਾਜ ਜਾਨ ਨਿਕਲੀ ਜਾਤੀ ਹੈ। ਜੋ ਚੀਜ਼ ਖੁਸ਼ੀ ਹੈ, ਵੋਹ ਲੇ ਲੋ, ਮੁਝ ਸੇ ਨਹੀਂ ਬਰਦਾਸ਼ਤ ਹੋਤੀ', ਔਰ ਬਾਰ ਬਾਰ ਕਹਿ ਕਰ ਬੇਹੋਸ਼ ਹੋ ਗਈ, ਫਿਰ ਦੋ ਰੋਜ਼ ਤਕ ਬੇਹੋਸ਼ ਰਹੀ, ਤਬ ਮਹਾਰਾਜ ਨੇ ਉਸਕੀ 'ਸੁਰਤਿ' ਕੋ ਉਤਾਰਾ, ਫਿਰ ਬੀ ਕੁਛ ਅਰਸੇ ਤਕ ਦਿਲ ਧੜਕਤਾ ਰਹਾ, ਔਰ ਘਬਰਾਹਟ ਰਹੀ।"

(ਜੀਵਨ ਚਰਿਤ੍ਰ, ਸੁਆਮੀ ਸ਼ਿਵ ਦਿਆਲ, ਸਫ਼ਾ ੪੬-੪੭)

ਕੀ ਸੁਆਮੀ ਜੀ ਵਲੋਂ ਤਖਤ ਬਾਈ ਦੀ ਸੁਰਤਿ ਚੜ੍ਹਾ ਕੇ ਉਸ ਦੀਆਂ ਚੀਕਾਂ ਕਢਾ ਦੇਣੀਆਂ ਜਾਂ ਬੇਹੋਸ਼ ਰਖਣਾ ਅਭਿਆਸ ਦਾ ਸੌਖਾ ਤਰੀਕਾ ਹੈ ? ਸੁਰਤਿ ਉਚੀ ਕੀਤੀ ਕਿ ਸ਼ਿਕੰਜੇ ਵਿਚ ਪੀੜ ਦਿੱਤਾ ?

ਯਾਗਵਲਕ ਨੇ ਸਵੇਤ ਕੇਤੂ ਨੂੰ ਉਪਦੇਸ਼ ਕੀਤਾ, ਜਨਕ ਨੇ ਸੁਕਦੇਵ ਨੂੰ, ਵਸਿਸ਼ਟ ਨੇ ਸ੍ਰੀ ਰਾਮ ਤੇ ਸੰਦੀਪਨੀ ਨੇ ਸ੍ਰੀ ਕਿਸ਼ਨ ਨੂੰ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਲਹਿਣਾ ਜੀ ਤੇ ਭਗਤ ਕਬੀਰ ਜੀ ਨੇ ਕਈ ਸੰਤਾਂ ਭਗਤਾਂ ਨੂੰ, ਕਿਸੇ ਨੇ ਨਾਮ ਦੇ ਕੇ ਲੋਕਾਂ ਦੀਆਂ ਚੀਕਾਂ ਕਢਾਈਆਂ ਜਾਂ ਬੇਹੋਸ਼ ਕੀਤਾ ਹੈ ? ਹਰਗਿਜ਼ ਨਹੀਂ।

ਸੁਆਮੀ ਸ਼ਿਵ ਦਿਆਲ ਦਾ ਤਖਤ ਬਾਈ ਦੀਆਂ ਚੀਕਾਂ ਕਢਵਾਉਣੀਆਂ ਜਾਂ ਬੇਹੋਸ਼ ਕਰਨਾ ਰੂਹਾਨੀਅਤ ਨਹੀਂ, ਬਲਕਿ ਤੰਤ੍ਰ ਵਿਦਿਆ ਹੈ, ਹਿਪਨਾਟਿਜ਼ਮ 'ਤੇ ਜਰਮਨੀ ਦੇ ਮੈਸ਼ਮਰ ਨੇ ਮਾਨਸਿਕ ਸ਼ਕਤੀ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰਨ ਦਾ ਜੋ ਤਜਰਬਾ ਕੀਤਾ, ਉਹ ਮੈਸਮਰੇਜ਼ਮ ਹੈ।

੧੯੨੪-੨੫ ਈ: ਵਿਚ ਅਸੀਂ ਅਕਾਲੀ ਲਹਿਰ ਵਿਚ ਕੈਦ ਹੋ ਕੇ ਮੁਲਤਾਨ

ਸੈਂਟਰਲ ਜੇਲ੍ਹ ਵਿਚ ਸੀ। ਉਥੇ ਸਾਡੇ ਨਾਲ ਇਕ ਬਾਬਾ ਸੁਰੈਣ ਸਿੰਘ, ਹੁਸ਼ਿਆਰ ਨਗਰ, ਜ਼ਿਲ੍ਹਾ ਅੰਮ੍ਰਿਤਸਰ ਸਨ। ਉਹ ਬਾਬਾ ਸਾਵਣ ਸਿੰਘ ਜੀ ਦੇ ਪ੍ਰੇਮੀ ਸਨ। ਰਾਧਾ ਸੁਆਮੀ ਢੰਗ ਨਾਲ ਸ਼ਬਦ ਸੁਰਤਿ ਦਾ ਅਭਿਆਸ ਕਰਦੇ ਸਨ।

ਜੇਲ੍ਹ ਵਿਚ ਇਕ ਨੌਜਵਾਨ ਸ: ਸੁੰਦਰ ਸਿੰਘ, ਜ਼ਿਲ੍ਹਾ ਸ਼ਾਹਪੁਰ ਦਾ, ਬਾਬਾ ਸੁਰੈਣ ਸਿੰਘ ਦੇ ਸੰਪਰਕ ਵਿਚ ਆ ਗਿਆ। ਅਭਿਆਸ ਦੀ ਜੁਗਤੀ ਸਿੱਖਣ ਲੱਗ ਪਿਆ। ਉਸਨੂੰ ਦਿਮਾਗੀ ਤੌਰ 'ਤੇ ਏਨੀ ਖ਼ੁਸ਼ਕੀ ਹੋ ਗਈ ਕਿ ਉਹ ਬੀਮਾਰ ਹੋ ਗਿਆ। ਉਸਨੂੰ ਖੁਆਣ ਲਈ ਬਾਹਰੋਂ ਬਦਾਮਾਂ ਦੀਆਂ ਗਿਰੀਆਂ ਮੰਗਵਾਈਆਂ ਗਈਆਂ, ਉਹ ਜੇਲ੍ਹ ਵਾਲਿਆਂ ਨੇ ਫੜ ਲਈਆਂ।

ਸ: ਸੁੰਦਰ ਸਿੰਘ ਨੂੰ ਕਾਲ ਕੋਠੜੀ ਵਿਚ ਬੰਦ ਕਰ ਦਿੱਤਾ। ਕੈਂਪ ਵਿਚ ਆਉਣ ਬਾਅਦ ਉਸ ਨੇ ਰਾਧਾ ਸੁਆਮੀ ਅਭਿਆਸ ਤੋਂ ਤੋਬਾ ਕੀਤੀ।

ਨਾੜੀਆਂ ਦੀ ਹਵਾ

ਆਫ਼ਤਾਬੇ ਹਕੀਕਤ ਵਿਚ ਲਿਖਿਆ ਹੈ ਕਿ ਜਦ ਕੋਈ ਇਨਸਾਨ ਆਪਣੇ ਖ਼ਿਆਲ ਨੂੰ ਕਿਸੇ ਧੁਨੀ (ਆਵਾਜ਼) ਨਾਲ ਜੋੜ ਕੇ ਬਹਿੰਦਾ ਹੈ, ਉਸ ਵਕਤ ਉਸ ਦੀਆਂ ਗਿਆਨ ਇੰਦ੍ਰੀਆਂ ਅੰਤਰ-ਮੁਖੀ ਹੋ ਜਾਂਦੀਆਂ ਹਨ। ਨਾੜੀਆਂ ਹਵਾ ਨਾਲ ਭਰ ਜਾਂਦੀਆਂ ਹਨ। ਅੰਦਰ ਰੇਲ ਦੇ ਇੰਜਨ ਵਾਂਗ ਸੀਟੀਆਂ ਵੱਜਦੀਆਂ ਸੁਣਾਈ ਦਿੰਦੀਆਂ ਹਨ। ਉਨ੍ਹਾਂ ਨੂੰ ਮੂਰਖ ਆਦਮੀ ਅਨਹਦ ਸ਼ਬਦ ਸਮਝਦੇ ਹਨ ਅਤੇ ਖ਼ੁਸ਼ ਹੁੰਦੇ ਹਨ। ਪਰ ਜਦ ਖ਼ਿਆਲ ਕਿਸੇ ਹੋਰ ਪਾਸੇ ਲੱਗ ਜਾਂਦਾ ਹੈ, ਉਹ ਆਵਾਜ਼ਾਂ ਨਹੀਂ ਸੁਣਾਈ ਦਿੰਦੀਆਂ। ਕਈ ਆਦਮੀ ਨਿਆਣੇ ਬੱਚਿਆਂ ਵਾਂਗ ਰੋਣ ਲੱਗ ਪੈਂਦੇ ਹਨ। *(ਸਫ਼ਾ ੧੫੦)*

ਭੰਬਰ ਤਾਰੇ

ਅੱਖਾਂ ਬੰਦ ਕਰ ਕੇ, ਉਤੇ ਦੋ ਉਂਗਲਾਂ ਰਖਣ ਨਾਲ ਧੀਗੀਆਂ ਵਿਚੋਂ ਜੋ ਭੰਬਰ ਤਾਰੇ ਦਿਸਦੇ ਹਨ, ਜਾਂ ਰੌਸ਼ਨੀ ਦੀਆਂ ਲਹਿਰਾਂ ਦਿਸਦੀਆਂ ਹਨ, ਉਨ੍ਹਾਂ ਨੂੰ ਇਹ ਆਤਮਿਕ ਪ੍ਰਕਾਸ਼ ਸਮਝਦੇ ਹਨ। ਖ਼ੁਸ਼ਕੀ ਨਾਲ ਕੰਨਾਂ ਵਿਚ ਹੁੰਦੀ ਘੂੰ ਘੂੰ ਜਾਂ ਅਵਾਜ਼ਾਂ ਨੂੰ ਅਨਹਦ ਸ਼ਬਦ ਮੰਨਦੇ ਹਨ।

੨੭ ਨਵੰਬਰ ੧੯੩੩ ਈ: ਦੀ ਸਾਡੀ ਅੱਖੀਂ ਦੇਖੀ ਗੱਲ ਹੈ। ਬਿਆਸ ਵਿਚ ਇਕ ਮੁਸਲਮਾਨ ਮੁਹੰਮਦ ਦੀਨ ਨੇ ਬਾਬੂ ਸਾਵਨ ਸਿੰਘ ਜੀ ਨੂੰ ਪੁੱਛਿਆ, "ਮੈਨੂੰ ਧਿਆਨ ਵਿਚ ਬੈਠਣ ਸਮੇਂ ਤਾਰਾ ਤਾਂ ਦਿਸਦਾ ਹੈ ਪਰ ਉਸਦੇ ਅੱਗੇ ਬੱਦਲ

ਆ ਜਾਂਦੇ ਹਨ। ਦੱਸੋ ਕੀ ਕਰਾਂ?"

ਬਾਬੂ ਜੀ ਨੇ ਬੜੇ ਗੁੱਸੇ ਵਿਚ ਆ ਕੇ ਉੱਤਰ ਦਿੱਤਾ:

"ਬਹਿ ਜਾ, ਤੂੰ ਗੋਸ਼ਤ ਖਾਣਾ ਛੱਡ ਨਹੀਂ ਸਕਦਾ। ਮੈਂ ਤੈਨੂੰ ਰੱਬ ਕਿਸ ਤਰ੍ਹਾਂ ਮਿਲਾ ਦੇਵਾਂ?"

ਜੈਨ ਅਤੇ ਵੈਸ਼ਨਵ ਪ੍ਰਭਾਵਾਂ ਕਰ ਕੇ ਰਾਧਾ ਸੁਆਮੀ ਮਾਸ ਨਹੀਂ ਖਾਂਦੇ, ਪਰ ਇਸ ਵਕਤ ਸੰਸਾਰ ਵਿਚ ਸਾਢੇ ਤਿੰਨ ਅਰਬ ਆਬਾਦੀ ਵਿਚੋਂ ਭਾਰੀ ਬਹੁ-ਗਿਣਤੀ ਮਾਸਾਹਾਰੀ ਹੈ। ਕੀ ਉਹ ਪਰਮਾਤਮਾ ਨੂੰ ਨਹੀਂ ਮਿਲ ਸਕਦੀ? ਇਹ ਗੱਲ ਮੰਨਣ ਵਿਚ ਨਹੀਂ ਆਉਂਦੀ।

- ਰਾਧਾ ਸੁਆਮੀ ਗੁਰੂ, ਜਿਨ੍ਹਾਂ ਸੂਫ਼ੀ ਫ਼ਕੀਰਾਂ, ਸ਼ਮਸ ਤਬਰੇਜ਼, ਮੌਲਾਨਾ ਰੂਮੀ ਤੇ ਹਾਫ਼ਿਜ਼ ਦੇ ਹਵਾਲੇ ਦਿੰਦੇ ਹਨ, ਉਹ ਸਾਰੇ ਮਾਸ ਖਾਂਦੇ ਸਨ। ਹਾਫ਼ਿਜ਼ ਘੋਰ ਸ਼ਰਾਬੀ ਸੀ।

ਬਿਆਸ ਵਾਲੇ ਬਾਬੂ ਸਾਵਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਇਕੱਤ੍ਰ ਕਰ ਕੇ ਇਕ ਪੁਸਤਕ *ਸ਼ਬਦ ਕੀ ਮਹਿਮਾ ਕੇ ਸ਼ਬਦ* ਪ੍ਰਕਾਸ਼ਤ ਕੀਤੀ ਸੀ। ਉਸ ਵਿਚ *ਸਾਰ ਬਚਨ* ਦੀਆਂ ਗ਼ਲਤ ਗੱਲਾਂ ਤੇ ਟਿਕਾਣਿਆਂ ਨੂੰ ਗੁਰਬਾਣੀ ਨਾਲ ਮਿਲਾ ਕੇ ਦੱਸਣ ਲਈ ਸੁਖਮਨੀ ਸਾਹਿਬ ਦੀ ਅਸ਼ਟਪਦੀ 'ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮੁ ਨਾਮੁ ਸੰਤਨ ਘਰਿ ਪਾਇਆ॥੫॥੧੫॥' ਦੇ ਨਾਲ ਇਕ ਮਨ ਘੜਤ ਤੁਕ ਬੰਦੀ ਦਰਜ ਕਰ ਦਿੱਤੀ:

ਸਪਤ ਲੋਕ ਕੇ ਊਪਰ ਧਾਵੈ।
ਅਲਖ ਅਗੰਮ ਕੀ ਜਬ ਗਤ ਪਾਵੈ।
ਤਿਸਕੇ ਊਪਰ ਸੰਤਨ ਧਾਮ।
ਨਾਨਕ ਦਾਸ ਕੀਆ ਬਿਸਰਾਮ।

ਇਹ ਤੁਕਾਂ ਗੁਰਬਾਣੀ ਨਹੀਂ, ਕਲਪਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਅਲਖ ਅਗੰਮ ਪਰਮਾਤਮਾ ਦੇ ਗੁਣ ਮੰਨਦੇ ਸਨ। ਗੁਰਬਾਣੀ ਵਿਚ ਕਈ ਥਾਈਂ ਈਸ਼ਵਰ ਨੂੰ ਅਲਖ ਤੇ ਅਗੰਮ ਬਿਆਨ ਕੀਤਾ ਗਿਆ ਹੈ। ਪਰ ਰਾਧਾ ਸੁਆਮੀ ਵਾਂਗ ਸਰੀਰ ਦੇ ਅੰਦਰ ਅਲਖ ਤੇ ਅਗੰਮ ਕੋਈ ਟਿਕਾਣੇ ਨਹੀਂ ਮੰਨੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੇ ਅੰਤ ਵਿਚ ਆਤਮਿਕ ਉੱਨਤੀ ਦੀਆਂ ਪੰਜ ਸਟੇਜਾਂ ਵਰਣਨ ਕੀਤੀਆਂ ਹਨ। ਪਹਿਲੀ ਹੈ—ਧਰਮ ਖੰਡ; ਦੂਜੀ ਗਿਆਨ ਖੰਡ; ਤੀਸਰੀ ਸਰਮ ਖੰਡ; ਚੌਥੀ ਕਰਮ (ਬਖ਼ਸ਼ਸ਼) ਖੰਡ ਤੇ ਅੰਤ ਵਿਚ "ਸਚਖੰਡਿ ਵਸੈ ਨਿਰੰਕਾਰੁ" ਬਿਆਨ ਕੀਤਾ ਹੈ। ਇਹ ਪੰਜ ਪਉੜੀਆਂ

ਆਤਮਿਕ ਤੌਰ 'ਤੇ ਦਰੁਸਤ ਹਨ। ਸਚਖੰਡ ਵਾਹਿਗੁਰੂ ਵਿਚ ਲੀਨ ਹੋਣ ਦੀ ਅਵਸਥਾ[1] ਬਿਆਨ ਕੀਤੀ ਹੈ।

ਰਾਧਾ ਸੁਆਮੀ ਵਾਂਗੂ ਘੁੰਮਣਘੇਰੀਆਂ, ਹੂਰਾਂ ਦੇ ਸ਼ੀਸ਼ ਮਹੱਲ ਤੇ ਮਰਦੂਦਾਂ ਦੀਆਂ ਜੇਲ੍ਹਾਂ ਨਹੀਂ ਦੱਸੀਆਂ।

ਦੂਜਾ ਨੁਕਤਾ ਇਹ ਹੈ ਕਿ ਹਿੰਦੁਸਤਾਨ ਵਿਚ ਪੰਡਿਤਾਂ ਨੇ ਗਿਆਨ ਨੂੰ ਆਪਣੇ ਕੋਲ ਗੁਪਤ ਰਖਣ ਲਈ ਸੰਸਕ੍ਰਿਤ ਵਿਚ ਲੁਕਾਉਣ ਦਾ ਜਤਨ ਕੀਤਾ। ਤਾਂਤ੍ਰਿਕ ਮਤ ਨੇ ਸ਼ਕਤੀ ਜੰਤਰਾਂ ਮੰਤਰਾਂ ਵਿਚ ਗੁਪਤ ਦੱਸੀ। ਦੇਵੀ ਦੇਵਤਿਆਂ ਨੂੰ ਪ੍ਰਗਟ ਕਰ ਕੇ ਸ਼ਕਤੀ ਪ੍ਰਾਪਤ ਕਰਨ ਦਾ ਪ੍ਰਚਾਰ ਕੀਤਾ। ਜੋਗੀਆਂ ਨੇ ਗਿਆਨ ਇੰਦ੍ਰੀਆਂ ਦੀਆਂ ਕ੍ਰਿਆਵਾਂ ਨੂੰ ਅੰਤਰਮੁਖੀ ਕਰ ਕੇ ਮਜ਼੍ਹਬ ਨੂੰ ਗੁਪਤ ਭੇਦ (Mysterious) ਅਰਥਾਤ ਬੁਝਾਰਤ ਬਣਾਉਣ ਦਾ ਜਤਨ ਕੀਤਾ।

ਹਠ ਜੋਗੀਆਂ ਨੇ ਇਹ ਵੀ ਕਿਹਾ ਕਿ ਅੰਦਰ ਇਕ ਕੁੰਡਲੀ (ਸਪਣੀ) ਹੈ, ਜਿਸਨੂੰ ਅਭਿਆਸ ਕਰਕੇ ਜਗਾਉਣ ਨਾਲ ਅਮਿਤ ਸ਼ਕਤੀ ਪ੍ਰਾਪਤ ਹੁੰਦੀ ਹੈ।[2] ਜਿਸ ਨੂੰ ਵੈਦਕ ਜਾਂ ਹਿਕਮਤ ਦਾ ਕੋਈ ਨੁਸਖਾ ਮਿਲਿਆ, ਉਸਨੇ ਕਿਸੇ ਨੂੰ ਨਹੀਂ ਦਸਿਆ। ਪਰ ਇਨ੍ਹਾਂ ਗੁਪਤ ਸਾਧਨਾਂ ਨਾਲ ਦੇਸ਼ ਦਾ ਕੁਝ ਨਹੀਂ ਬਣਿਆ।

ਰਾਧਾ ਸੁਆਮੀ ਨੇ ਵੀ ਨਾਮ ਤੇ ਪਰਮਾਤਮਾ ਨੂੰ ਗੁਪਤ ਤੇ ਗੁੰਝਲਦਾਰ ਬਣਾਇਆ ਹੈ। ਗੁਰਬਾਣੀ ਵਿਚ ਸਪੱਸ਼ਟ ਕੀਤਾ ਗਿਆ ਹੈ:

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥

(ਪੰਨਾ ੬੪੨)

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਨੇ ਨਾਮ ਤੇ ਪਰਮਾਤਮਾ ਨੂੰ ਗੁਪਤ ਨਹੀਂ ਮੰਨਿਆ। ਬਲਕਿ ਪ੍ਰਗਟ ਕਰ ਕੇ ਦਸਿਆ ਹੈ:

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ *(ਪੰਨਾ ੩੯੭)*

ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਗੁਰ-ਮੰਤ੍ਰ ਦਾ ਅਧਿਕਾਰ ਦੇ ਕੇ ਸਪੱਸ਼ਟ ਕੀਤਾ ਕਿ ਨਾਮ ਗੁਪਤ ਚੀਜ਼ ਨਹੀਂ। ਪਰ ਰਾਧਾ ਸੁਆਮੀ ਨੇ ਪੁਰਾਣੇ ਗੁਪਤ ਪੰਥੀਆਂ ਵਾਂਗ ਨਾਮ ਤੇ ਧਾਮ ਨੂੰ ਗੁਪਤ, ਗੁੰਝਲਦਾਰ ਤੇ ਜਲੇਬੀਦਾਰ ਬਿਆਨ ਕੀਤਾ ਹੈ।

---

੧. ਬਾਬਾ ਪੈਧਾ ਸਚਖੰਡਿ ਨਉਨਿਧਿ ਨਾਮੁ ਗਰੀਬੀ ਪਾਈ।੨੪।੧। *(ਭਾਈ ਗੁਰਦਾਸ ਜੀ)*
੨. ਕੁੰਡਲਨੀ ਸੁਰਝੀ ਸਤਸੰਗਤਿ..... *(ਸਵਈਏ ਮ: ੪, ਪੰਨਾ ੧੪੦੨)*

੫.

ਪ੍ਰਸਾਦੀ (ਜੂਠ) ਖਾਣੀ

ਰਾਧਾ ਸੁਆਮੀ ਗੁਰੂ-ਡੰਮ੍ਹ ਦੇ ਕਾਰਨ ਗੁਰੂ ਦੀ ਜੂਠ ਖਾਣ ਨੂੰ ਪਵਿਤ੍ਰ ਸਮਝਦੇ ਹਨ

ਭਾਰਤ ਵਿਚ ਵੈਸ਼ਨਵ ਸੰਪਰਦਾਵਾਂ ਵਿਚ ਠਾਕੁਰਾਂ ਨੂੰ ਭੋਗ ਲੁਆਣ ਦੀ ਮਰਯਾਦਾ ਹੈ। ਪਰ ਠਾਕੁਰ ਮੂਰਤੀਆਂ ਹੁੰਦੇ ਹਨ। ਵਾਮ ਮਾਰਗ ਤੇ ਹੋਰ ਕਈ ਸੰਪਰਦਾਵਾਂ ਵਿਚ ਵੀ ਆਚਾਰਯ ਦੀ ਜੂਠ ਖਾਣ ਨੂੰ ਪੁੰਨ ਕਰਮ ਸਮਝਿਆ ਜਾਂਦਾ ਸੀ। ਅਜੇ ਤੀਕ ਵੀ ਕਈ ਲੋਕ ਇਹ ਮੰਨਦੇ ਹਨ।

ਕਈ ਮਹਾਂ ਪੁਰਸ਼ਾਂ ਨੇ ਜੂਠ ਤੇ ਝੂਠ ਨੂੰ ਬਹੁਤ ਬੁਰਾ ਦਸਿਆ ਹੈ। ਜੂਠ ਖਾਣ ਨਾਲ ਕਈ ਭਿਆਨਕ ਰੋਗ ਹੋ ਜਾਂਦੇ ਹਨ। ਝੂਠ ਬੋਲਣ ਨਾਲ ਮਨ ਮਲੀਨ ਹੋ ਜਾਂਦਾ ਹੈ।

ਸਿਖ ਸਤਿਗੁਰੂਆਂ ਨੇ ਜੂਠ ਖਾਣ ਦੀ ਮਨਾਹੀ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਸਤਿਗੁਰੂ ਤੀਕ ਕਿਸੇ ਭੇਟ ਕੀਤੀ ਵਸਤੂ ਨੂੰ ਕਰ-ਕਮਲਾਂ ਨਾਲ ਛੋਂਹਦੇ ਸਨ। ਛੇਵੀਂ ਪਾਤਸ਼ਾਹੀ ਵੇਲੇ ਕੜਾਹ ਪ੍ਰਸ਼ਾਦ ਨੂੰ ਕ੍ਰਿਪਾਨ ਭੇਟ ਕਰਨ ਦੀ ਮਰਯਾਦਾ ਪ੍ਰਚਲਤ ਹੋਈ। ਇਸ ਨਾਲ ਇਕ ਤਾਂ ਬੀਰਤਾ ਪੈਦਾ ਹੁੰਦੀ ਹੈ; ਦੂਜੇ, ਲੋਹੇ ਦਾ ਰਸਾਇਣਕ ਅਸਰ ਵੀ ਹੁੰਦਾ ਹੈ। ਤੀਸਰੇ, ਸਿਹਤ ਅਤੇ ਸਫ਼ਾਈ ਦੇ ਲਿਹਾਜ਼ ਨਾਲ ਕੜਾਹ ਪ੍ਰਸ਼ਾਦ ਨੂੰ ਕ੍ਰਿਪਾਨ ਭੇਟ ਕਰਨ ਦੀ ਮਰਯਾਦਾ ਬਹੁਤ ਉੱਤਮ ਹੈ।

ਉਨ੍ਹੀਵੀਂ ਸਦੀ ਦੇ ਮੱਧ ਵਿਚ ਜਾਰੀ ਹੋਏ ਰਾਧਾ ਸੁਆਮੀ ਮਤ ਦੇ ਗ੍ਰੰਥਾਂ ਵਿਚ ਜਿਥੇ ਸ਼ਖ਼ਸੀ ਪੂਜਾ ਤੇ ਧਿਆਨ ਸਿਮਰਨ ਦੀ ਮਹਾਨਤਾ ਦਰਸਾਈ ਹੈ, ਉਥੇ ਗੁਰੂ ਦੀ ਪ੍ਰਸਾਦੀ (ਜੂਠ) ਖਾਣ ਨੂੰ ਪੁੰਨ ਕਰਮ ਸਮਝਦੇ ਹਨ। ਇਸ ਦੇ ਗ੍ਰੰਥਾਂ ਵਿਚ ਲਿਖਿਆ ਹੈ:

(੧) ਮਹਾਤਮਾਉਂ ਕੀ ਪ੍ਰਸਾਦੀ ਤੋ ਨਿਹਾਇਤ ਉੱਤਮ ਔਰ ਪਾਕ ਹੈ। ਵੋਹ ਅੰਤਹਕਰਣ ਕੋ ਸ਼ੁਧ ਕਰਤੀ ਹੈ।

(ਜੀਵਨ ਚਰਿਤ੍ਰ ਸ੍ਰੀ ਸ਼ਿਵ ਦਿਆਲ, ਪੰਨਾ ੧੦੧)

ਰਾਏ ਸਾਲਗਰਾਮ ਲਿਖਦੇ ਹਨ:

(੨) ਪ੍ਰਸਾਦੀ ਸੇ ਯਿਹ ਮਤਲਬ ਹੈ ਕਿ ਸੰਤ ਗੁਰੂ ਜਾਂ ਸਾਧ ਗੁਰੂ ਅਪਨੀ ਜ਼ਬਾਨ ਸੇ ਛੂਏ ਯਾ ਲਬ (ਥੁਕ) ਲਗਾ ਕਰ ਪਵਿਤ੍ਰ ਕਰ ਦੇ।

(ਪ੍ਰੇਮ ਪਤ੍ਰ, ਜਿਲਦ ੪, ਸਫ਼ਾ ੧੦੪)

ਸਾਰ ਬਚਨ ਵਿਚ ਲਿਖਿਆ ਹੈ:

(੧) **ਗੁਰ ਪ੍ਰਸਾਦੀ ਖਾਹ ਤੇਰੇ ਭਲੇ ਕੀ ਕਹੂੰ।**

(੨) **ਕੀਆ ਚਰਨਾਮ੍ਰਿਤ ਲਈ ਪ੍ਰਸਾਦੀ।**
ਹਾਰ ਚੜ੍ਹਾ ਕਰ ਬੰਦਗੀ ਸਾਧੀ।
ਗ੍ਰਾਸ ਦੀਆ ਪ੍ਰਸਾਦੀ ਕਾ ਜਬ ਹੀ।
ਘਟ ਕੇ ਪਰਦੇ ਖੁਲ੍ਹ ਗਏ ਤਬ ਹੀ।
ਬਟੀ ਪ੍ਰਸਾਦੀ ਸੁਖ ਭਇਆ ਭਾਰੀ।
ਫਿਰ ਪਾਣੀ ਕੀ ਭਰ ਲਈ ਝਾਰੀ।
ਉਠ ਕਰ ਦਰਸ਼ਨ ਛਿਨ ਛਿਨ ਪਾਤੀ।
ਚਰਨਾਮ੍ਰਿਤ ਪ੍ਰਸਾਦੀ ਖਾਤੀ।
ਚਰਨਾਮ੍ਰਿਤ ਪ੍ਰਸਾਦੀ ਲੇਵੈ।
ਮਾਨ ਮੁਨੀ ਤਜ ਤਨ ਮਨ ਦੇਵੈ।
ਪੀਕ-ਦਾਨ ਲੇ ਪੀਕ[1] ਕਰਾਵੈ।
ਫਿਰ ਸਬ ਪੀਕ ਆਪ ਪੀ ਜਾਵੈ।
ਫਿਰ ਭੋਜਨ ਕਰ ਬੀੜੀ ਖਾਈ।
ਬਾਟੀ ਬੀੜੀ ਕਨਹੀਆ[2] ਭਾਈ।
ਸ਼ੀਤ ਪ੍ਰਸਾਦ ਸਬੀ ਮਿਲ ਲੀਨਾ।
ਜਨਮ ਜਨਮ ਕੇ ਪਾਤਕ ਛੀਨਾ।
ਕੁਲੀ[3] ਦਈ ਸਵਾਮੀ ਕੁਲ ਮੇਰਾ ਉਧਾਰਾ।
ਜਨਮ ਸਫਲ ਔਰ ਤਨ ਮਨ ਸੁਧਾਰਾ। *(ਪੰਨਾ ੭੭੯)*

---

੧. ਥੁਕ। ੨. ਪਾਨ ਬੀੜੀ ਵੰਡਣ ਵਾਲੇ ਸੇਵਕ ਦਾ ਨਾਮ। ੩. ਕੁਰਲੀ, ਚੁਲੀ।

ਜੇ ਇਕ ਜੂਠੀ ਗ੍ਰਾਹੀ ਖਾਣ, ਪੀਕ ਦਾਨ ਦੀ ਥੁਕ ਪੀਣ ਤੇ ਕੁਰਲੀ ਅਰਥਾਤ ਮਲੀਨ ਚੁਲੀ ਪੀਣ ਨਾਲ ਹੀ ਕਪਾਟ ਖੁਲ੍ਹਦੇ ਹਨ ਜਾਂ ਕੁੱਲਾਂ ਦਾ ਉੱਧਾਰ ਹੋ ਸਕਦਾ ਹੈ, ਤਾਂ ਫਿਰ ਆਲਤੀ ਪਾਲਤੀ ਆਸਨ ਲਾਣ, ਤ੍ਰਿਕੁਟੀ ਤੇ ਸੁੰਨ ਗੁਫ਼ਾ ਵਿਚ ਸੁਰਤਿ ਚੜ੍ਹਾਉਣ ਤੇ ਛੇ ਚੱਕ੍ਰ ਵਿੰਨ੍ਹ ਕੇ ਦਸਮ ਦੁਆਰ ਵਿਚ ਅਨਹਦ ਸ਼ਬਦ ਸੁਣਨ ਦੀ ਕੀ ਲੋੜ ਹੈ?

ਜੂਠ ਖੁਆਣ ਸੰਬੰਧੀ ਅਤਿ ਹਾਸੋਹੀਣੀਆਂ ਅਤੇ ਅਨ-ਸਾਇੰਟੇਫ਼ਿਕ ਦਲੀਲਾਂ ਦਿੱਤੀਆਂ ਹਨ। ਸੁਆਮੀ ਜੀ ਦੇ ਜੀਵਨ ਚਰਿਤ੍ਰ (ਹਿੰਦੀ) ਦੇ ਸਫ਼ਾ ੧੦੩ 'ਤੇ ਲਿਖਿਆ ਹੈ:

"ਕਿਤਨੇ ਅਫ਼ਸੋਸ ਔਰ ਨਾਦਾਨੀ ਕੀ ਬਾਤ ਹੈ ਕਿ ਵੋਹ ਲੋਗ ਜੋ ਪ੍ਰਸਾਦੀ (ਜੂਠ) ਕੀ ਨਿੰਦਾ ਕਰਤੇ ਹੈਂ, ਵੋਹ ਰਾਤ ਦਿਨ ਚੂਹੋਂ, ਬਿਲੀਉਂ, ਕੁਤੋਂ, ਮੱਖੀਓਂ, ਚੀਟੀਉਂ, ਚਿੜੀਉਂ, ਕਊਓਂ, ਮੈਨਾਉਂ, ਤੋਤੋਂ ਵਗ਼ੈਰਾ ਵਗ਼ੈਰਾ ਜਾਨਵਰੋਂ ਕੀ ਖਾਈ ਹੂਈ ਚੀਜ਼ੋਂ ਕੋ ਖਾਤੇ ਹੈਂ, ਔਰ ਗੁਰੂ ਭਗਤੋਂ ਕੋ ਦੋਖ ਲਗਾਤੇ ਹੈਂ, ਕਿਤਨੀ ਭਾਰੀ ਗ਼ਲਤੀ ਕਰਤੇ ਹੈਂ। ਪਾਪੀ ਔਰ ਦੋਖੀ ਹੋਤੇ ਹੈਂ।

ਬਕੌਲ ਤੁਲਸੀ ਦਾਸ (ਕੂੰਡਾ ਪੰਥੀ) ਕੇ:

ਐਸੀ ਚਤ੍ਰਤਾ ਪਰ ਛਾਰ।
ਗੁਰ ਪ੍ਰਸਾਦੀ ਮੇਂ ਛੂਤ ਲਾਵਤ ਕਰਤ ਲੋਕਾਚਾਰ।
ਨਾਕ ਕਾ ਮੁਖ ਧਾਇ ਚੂੰਮਤ ਅਰਧ ਲਪਟੀ ਨਾਰ।

ਗੁਰੂ ਦੀ ਪ੍ਰਸਾਦੀ ਨੂੰ, ਚੂਹਿਆਂ, ਬਿੱਲੀਆਂ, ਕੁੱਤਿਆਂ, ਤੋਤਿਆਂ ਤੇ ਮੱਖੀਆਂ ਦੀ ਜੂਠ ਨਾਲ ਤਸ਼ਬੀਹ ਦੇਣੀ ਉਸਨੂੰ ਅਤਿ ਨਖਿਧ ਸਾਬਤ ਕਰਨਾ ਹੈ।

ਵਰਤਮਾਨ ਜੁਗ ਸਾਇੰਸ ਦੀ ਖੋਜ, ਸਿਹਤ ਅਤੇ ਸਫ਼ਾਈ ਦੇ ਨੇਮਾਂ ਬਾਰੇ ਬਹੁਤ ਅੱਗੇ ਵਧ ਚੁੱਕਾ ਹੈ। ਹੁਣ ਜੂਠ ਖਾਣ ਨੂੰ ਅਤਿ ਮਾੜਾ ਸਮਝਿਆ ਜਾਂਦਾ ਹੈ। ਬਹੁਤ ਸਾਰੇ ਦੇਸ਼ਾਂ ਵਿਚ ਅਨਾਜ ਤੇ ਫਲ ਖ਼ਰਾਬ ਕਰਨ ਵਾਲੇ ਜਾਨਵਰਾਂ, ਕੀੜਿਆਂ ਤੇ ਮੱਖੀਆਂ ਦਾ ਖ਼ਾਤਮਾ ਕਰ ਦਿੱਤਾ ਗਿਆ ਹੈ।

ਸਿਹਤ ਤੇ ਸਫ਼ਾਈ ਦੇ ਵਰਤਮਾਨ ਜੁਗ ਵਿਚ ਲਈਆਂ ਉਪ੍ਰੋਕਤ ਦਲੀਲਾਂ ਨਹੀਂ ਢੁਕਦੀਆਂ ਕਿਉਂਕਿ ਬਹੁਤ ਸਾਰੇ ਦੇਸ਼ਾਂ ਵਿਚ ਲੋਕੀਂ ਅਨਾਜ ਤੇ ਫਲਾਂ ਨੂੰ ਸਟੋਰਾਂ ਵਿਚ ਰਖਦੇ ਹਨ, ਪਾਣੀ ਤੇ ਦੁਆਈਆਂ ਨਾਲ ਧੋ ਸੁਆਰ ਕੇ, ਭਾਫ਼ ਦੇ ਕੇ ਵਰਤਦੇ ਹਨ। ਕੋਈ ਕੁੱਤੇ, ਬਿੱਲੀਆਂ ਤੇ ਮੱਖੀਆਂ ਦਾ ਜੂਠਾ ਨਹੀਂ ਖਾਂਦਾ। ਯੂਰਪ ਵਿਚ ਖਾਣ-ਪੀਣ ਦੀਆਂ ਚੀਜ਼ਾਂ ਜਿਨ੍ਹਾਂ ਡੱਬਿਆਂ ਵਿਚ ਸੁਰੱਖਿਅਤ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਉਪਰ ਲਿਖਿਆ ਹੁੰਦਾ ਹੈ:

'ਤਿਆਰ ਕਰਨ ਸਮੇਂ ਇਹ ਹੱਥ ਨਾਲ ਨਹੀਂ ਛੋਹਿਆ ਗਿਆ।'

ਇਕ ਖੋਜੀ ਰਾਬਰਟ ਕਾਕ ਨੇ ਦਸਿਆ ਹੈ ਕਿ ਬਹੁਤ ਸਾਰੇ ਰੋਗ ਕੀਟਾਣੂਆਂ ਤੋਂ ਹੁੰਦੇ ਹਨ। ਥੁੱਕ, ਪਿਸ਼ਾਬ, ਟੱਟੀ ਆਦਿ ਵਿਚ ਕੀਟਾਣੂ ਹੁੰਦੇ ਹਨ।

ਪਾਸਚਰ ਨੇ ਦਸਿਆ ਕਿ ਕੀਟਾਣੂਆਂ ਕਾਰਨ ਚੀਜ਼ਾਂ ਵਿਚ ਖ਼ਮੀਰ ਉਠਦਾ ਹੈ ਤੇ ਸੜਾਂਦ ਪੈਦਾ ਹੁੰਦੀ ਹੈ।

ਇਸ ਲਈ ਰੋਗਾਂ ਤੋਂ ਬਚਣ ਤੇ ਚੀਜ਼ਾਂ ਨੂੰ ਸੁਰੱਖਿਅਤ ਕਰਨ ਲਈ ਕੀਟਾਣੂ-ਨਾਸ਼ਕ ਦਵਾਈਆਂ ਤਿਆਰ ਕੀਤੀਆਂ ਗਈਆਂ ਹਨ। ਲਾਰਡ ਲੀਸਟਰ ਨੇ ਕੀਟਾਣੂ-ਨਾਸ਼ਕ ਦਵਾਈਆਂ ਸਰਜਰੀ (ਚੀਰ-ਫਾੜ) ਵਿਚ ਵਰਤਣੀਆਂ ਆਰੰਭ ਕੀਤੀਆਂ।

ਇਸ ਸਾਇੰਸ, ਸਿਹਤ ਤੇ ਸਫ਼ਾਈ ਦੇ ਜੁਗ ਵਿਚ ਕੋਈ ਸੂਝਵਾਨ ਆਦਮੀ ਰਾਧਾ ਸੁਆਮੀਆਂ ਦੀ ਪ੍ਰਸਾਦੀ (ਜੂਠ) ਨਹੀਂ ਖਾ ਸਕਦਾ। ਨਾ ਪੀਕ ਦਾਨ ਦੀ ਥੁਕ ਤੇ ਕੁਰਲੀ ਦਾ ਜਲ ਪੀ ਸਕਦਾ ਹੈ। ਜੇ ਇਕ ਗੁਰੂ ਨੂੰ ਤਪਦਿਕ ਹੋ ਜਾਵੇ ਤਾਂ ਪ੍ਰਸਾਦੀ ਨਾਲ ਸਾਰੀ ਉਮਤ ਦਾ ਬੇੜਾ ਗਰਕ ਕਰ ਦੇਵੇਗਾ।

੬.

ਗੁਰੂ-ਡੰਮ੍ਹ ਤੇ ਕਈ ਗੱਦੀਆਂ

• ਪਿਛੇ ਦੱਸ ਆਏ ਹਾਂ ਕਿ ਰਾਧਾ ਸੁਆਮੀ ਮਤ ਵਿਚ ਸ਼ਖ਼ਸੀ ਪੂਜਾ ਤੇ ਗੁਰੂ-ਡੰਮ੍ਹ ਨੂੰ ਬੜੀ ਮਹਾਨਤਾ ਦਿੱਤੀ ਗਈ ਹੈ। ਇਸ ਕਾਰਨ ਇਸ ਵਿਚ ਕਈ ਗੁਰ-ਗੱਦੀਆਂ ਕਾਇਮ ਹੋ ਗਈਆਂ ਹਨ, ਅਤੇ ਮਤ ਵਿਚ ਇੰਤਸ਼ਾਰ ਪੈਦਾ ਹੋ ਗਿਆ ਹੈ।

ਹੁਣ ਗੁਰਤਾ ਦੇ ਸਿਲਸਿਲੇ ਅਤੇ ਗੱਦੀਆਂ ਦਾ ਜ਼ਿਕਰ ਕਰਦੇ ਹਾਂ।

ਟੂਕ ਮਾਤਰ ਦਸਿਆ ਗਿਆ ਹੈ ਕਿ ਭਾਰਤ ਵਿਚ ਇਹ ਪਹਿਲਾ ਮਤ ਹੈ, ਜਿਸ ਦੇ ਬਾਨੀ ਸੁਆਮੀ ਸ਼ਿਵ ਦਿਆਲ ਮੰਨੇ ਜਾਂਦੇ ਹਨ। ਪਰ ਰਾਧਾ ਸੁਆਮੀ ਨਾਮ 'ਤੇ ਮਤ ਉਨ੍ਹਾਂ ਦੇ ਇਕ ਚੇਲੇ ਰਾਇ ਸਾਲਗਰਾਮ ਦਾ ਚਲਾਇਆ ਹੋਇਆ ਹੈ।

੧. ਸੁਆਮੀ ਸ਼ਿਵ ਦਿਆਲ ਜੀ

ਇਸ ਪੁਸਤਕ ਦੇ ਪਹਿਲੇ ਕਾਂਡ ਵਿਚ ਸੁਆਮੀ ਸ਼ਿਵ ਦਿਆਲ ਦਾ ਸੰਖੇਪ ਜੀਵਨ ਵਰਣਨ ਕਰ ਆਏ ਹਾਂ। ਇਥੇ ਸਿੰਘਾਵਲੋਕਨ ਦੀ ਤਰ੍ਹਾਂ ਇਕ ਦੋ ਗੱਲਾਂ ਸੁਆਮੀ ਜੀ ਬਾਰੇ ਦੱਸ ਕੇ ਬਾਕੀ ਦੇ ਗੁਰੂਆਂ ਦਾ ਜ਼ਿਕਰ ਕਰਾਂਗੇ।

ਸੁਆਮੀ ਜੀ ਦੇ ਭਰਾ ਲਾਲਾ ਪ੍ਰਤਾਪ ਸਿੰਹੁ ਪਿਉ ਦਾਦੇ ਦੇ ਨਿਸਚੇ ਬਾਰੇ ਲਿਖਦੇ ਹਨ :

"ਲਾਲਾ ਦਿਲਵਾਲੀ ਸਿੰਹੁ ਜੋ ਅਵਲ ਗੁਰੂ ਨਾਨਕ ਸਾਹਿਬ ਪਰ ਟੇਕ ਰਖਤੇ ਥੇ। ਉਨਕੀ ਬਾਣੀ ਕਾ ਪਾਠ ਬੜੀ ਪ੍ਰੀਤ ਪ੍ਰਤੀਤ ਸੇ ਕੀਆ ਕਰਤੇ ਥੇ। ਜਪੁਜੀ ਸਾਹਿਬ, ਸੋਦਰੁ ਰਹਿਰਾਸ, ਸੁਖਮਨੀ ਸਾਹਿਬ ਕਾ ਪਾਠ ਰੋਜ਼ ਮਰਾ ਨਿਤ ਨੇਮ ਸੇ ਕੀਆ ਕਰਤੇ ਥੇ। ਜੈਸਾ ਕਿ ਮਹਾਰਾਜ ਸੁਆਮੀ ਜੀ ਕੇ ਦਾਦਾ ਕੇ ਵਕਤ ਸੇ ਚਲਾ ਆਤਾ ਥਾ। ਜਿਨ ਕੇ ਹਾਥ ਕੀ ਲਿਖੀ ਹੂਈ ਪੋਥੀ—ਸੁਖਮਨੀ ਫ਼ਾਰਸੀ ਕੀ—ਅਬ ਤਕ ਮੌਜੂਦ ਹੈ।" *(ਜੀਵਨ ਸ਼ਿਵ ਦਿਆਲ, ਸਫ਼ਾ ੫)*

ਸੁਆਮੀ ਜੀ ਦੇ ਪਿਤਾ ਤੇ ਦਾਦਾ ਜੀ ਗੁਰੂ ਨਾਨਕ ਦੇਵ ਦੀ ਟੇਕ ਰਖਦੇ ਤੇ ਗੁਰਬਾਣੀ ਪੜ੍ਹਦੇ ਸਨ, ਪਰ ਉਨ੍ਹਾਂ ਦੀ ਮਾਤਾ ਤੇ ਨਾਨੀ, ਤੁਲਸੀ ਦਾਸ ਕੂੰਡਾ ਪੰਥੀ ਦੀਆਂ ਚੇਲੀਆਂ ਸਨ। ਜਿਸ ਤਰ੍ਹਾਂ ਕਈ ਔਰਤਾਂ ਸੰਤਾਨ ਦੀ ਖ਼ਾਹਸ਼ ਕਰਕੇ ਸਾਧੂ ਫ਼ਕੀਰਾਂ ਦੀ ਸੇਵਾ ਕਰਦੀਆਂ ਹਨ ਇਸੇ ਤਰ੍ਹਾਂ ਉਹ ਵੀ ਕਰਦੀਆਂ ਸਨ।

ਲਾਲਾ ਪ੍ਰਤਾਪ ਸਿੰਹੁ ਲਿਖਦੇ ਹਨ ਕਿ ਇਕ ਵੇਰ ਤੁਲਸੀ ਦਾਸ ਨੇ ਸੁਆਮੀ ਜੀ ਦੀ ਮਾਤਾ ਨੂੰ ਕਿਹਾ :

"ਮਹਾਰਾਨੀ ਜੀ, ਤੁਮ ਇਨਕੋ ਪੂਤ ਭਾਵਨਾ ਸੇ ਮਤ ਸਮਝਣਾ, ਕੋਈ ਪਰਮ ਸੰਤ ਹੈਂ। ਯਹਾਂ ਆਕਰ ਅਵਤਾਰ ਲੀਆ ਹੈ।"

ਭਾਵ, ਤੁਲਸੀ ਦਾਸ ਨੇ ਸ੍ਰੀ ਸ਼ਿਵ ਦਿਆਲ ਨੂੰ ਸੰਤ ਤੇ ਅਵਤਾਰ ਪ੍ਰਗਟ ਕਰਨ ਦੀ ਨੀਂਹ ਰੱਖੀ। ਰਾਇ ਸਾਲਗਰਾਮ ਨੇ ਉਨ੍ਹਾਂ ਨੂੰ ਕੁਲ ਮਾਲਕ, ਸੰਤ ਸਤਿਗੁਰੂ ਤੇ ਰਾਧਾ ਸੁਆਮੀ ਬਣਾ ਦਿੱਤਾ।

ਰਾਧਾ ਸੁਆਮੀਆਂ ਵਿਚ ਗੁਰੂ ਦੋ ਕਿਸਮ ਦੇ ਮੰਨੇ ਜਾਂਦੇ ਹਨ—ਇਕ ਸੰਤ ਗੁਰੂ, ਦੂਸਰੇ ਸਾਧ ਗੁਰੂ।

ਸੰਤ ਸਤਿਗੁਰੂ ਉਸਨੂੰ ਕਹਿੰਦੇ ਹਨ ਜੋ ਸਤ ਪੁਰਸ਼ ਤੇ ਰਾਧਾ ਸੁਆਮੀ ਦੇ ਮੁਕਾਮ ਤੀਕ ਅਪੜਿਆ ਹੋਵੇ।

ਸਾਧ ਗੁਰੂ ਉਸਨੂੰ ਕਹਿੰਦੇ ਹਨ ਜੋ ਬ੍ਰਹਮ ਅਤੇ ਪਾਰਬ੍ਰਹਮ ਦੇ ਮੁਕਾਮ ਤੀਕ ਪੁੱਜਾ ਹੋਵੇ।

ਇਕ ਵਕਤ ਗੁਰੂ ਤੇ ਦੂਸਰੇ ਬੇਵਕਤ ਗੁਰੂ ਵੀ ਮੰਨਦੇ ਹਨ।

ਸਾਰ ਬਚਨ ਵਿਚ ਇਹ ਵੀ ਲਿਖਿਆ ਹੈ :

ਪਿਛਲੋਂ ਕੀ ਤਜ ਟੇਕ, ਤੇਰੇ ਭਲੇ ਕੀ ਕਹੂੰ।
ਵਕਤ ਗੁਰੂ ਕੋ ਮਾਨ, ਤੇਰੇ ਭਲੇ ਕੀ ਕਹੂੰ।

ਜੇ ਬੀਤ ਚੁਕਿਆਂ ਦੀ ਟੇਕ ਨਹੀਂ ਰਖਣੀ ਤੇ ਵਕਤ ਗੁਰੂ ਨੂੰ ਹੀ ਮੰਨਣਾ ਹੈ ਤਾਂ ਸੁਆਮੀ ਸ਼ਿਵ ਦਿਆਲ ਸੰਨ ੧੮੭੮ ਵਿਚ ਗੁਜ਼ਰੇ। ਉਨ੍ਹਾਂ ਦੀ ਸਮਾਧੀ ਸੁਆਮੀ ਬਾਗ਼ ਆਗਰੇ ਵਿਚ ਇਕਾਨਵੇਂ ਸਾਲ ਤੋਂ ਬਣ ਰਹੀ ਹੈ। ਉਸ ਉਪਰ ਇਕ ਕਰੋੜ ਰੁਪਏ ਖ਼ਰਚ ਦਾ ਅੰਦਾਜ਼ਾ ਹੈ। ਦੱਸੋ, ਮਰ ਚੁੱਕੇ ਦੀ ਸਮਾਧੀ ਬਣਾਉਣ ਦੀ ਕੀ ਲੋੜ ਹੈ ? ਅੰਤ ਨੂੰ ਵਕਤ ਗੁਰੂ ਨੇ ਵੀ ਮਰ ਜਾਣਾ ਹੈ ਉਸਨੂੰ ਕਿਉਂ ਪੂਜਿਆ ਜਾਵੇ ?

ਸੁਆਦਲੀ ਗੱਲ ਇਹ ਹੈ ਕਿ ਸੁਆਮੀ ਸ਼ਿਵ ਦਿਆਲ ਦੇ ਵਕਤ ਗੁਰੂ ਦਾ ਨਾਂ ਨਹੀਂ ਦੱਸਦੇ। ਉਸ ਬਾਰੇ ਕਹਿੰਦੇ ਹਨ :

"ਉਨਕਾ ਗੁਰੂ ਨਾਦ ਥਾ। ਉਨ੍ਹੋਂ ਨੇ ਔਰ ਕਿਸੀ ਸੇ ਉਪਦੇਸ਼ ਨਹੀਂ ਲੀਆ।"

ਜੇ ਸ੍ਰੀ ਸ਼ਿਵ ਦਿਆਲ ਦਾ ਗੁਰੂ ਨਾਦ ਹੋ ਸਕਦਾ ਹੈ ਤਦ ਬਾਕੀ ਲੋਕਾਂ ਦਾ ਗੁਰੂ ਸ਼ਬਦ ਕਿਉਂ ਨਹੀਂ ਹੋ ਸਕਦਾ?

ਸਾਰ ਬਚਨ (ਛੋਟੀ) ਵਿਚ ਲਿਖਿਆ ਹੈ:

"ਗ੍ਰੰਥ ਗੁਰੂ ਨਹੀਂ ਹੋ ਸਕਦਾ, ਵੋਹ ਤੋ ਜੜ ਹੈ, ਖ਼ੁਦ ਬੋਲਤਾ ਨਹੀਂ ਔਰ ਨਾ ਉਪਦੇਸ਼ ਕਰ ਸਕਦਾ ਹੈ।"

ਇਸ ਦੇ ਉਲਟ ਰਾਧਾ ਸੁਆਮੀ ਮਤ ਦੇ ਦੂਜੇ ਗੁਰੂ ਰਾਇ ਸਾਲਗਰਾਮ ਲਿਖਦੇ ਹਨ:

"ਕੁਲ ਮਾਲਕ ਦਾ ਸਰੂਪ ਸ਼ਬਦ ਹੈ। ਸਤਿਨਾਮ ਪਾਰਬ੍ਰਹਮ ਆਤਮਾ ਪ੍ਰਮਾਤਮਾ ਕੁਲ ਜੀਵ ਭੀ ਸ਼ਬਦ ਸਰੂਪ ਹੈਂ। ਬਗ਼ੈਰ ਸ਼ਬਦ ਕੀ ਉਪਾਸ਼ਨਾ ਔਰ ਕੋਈ ਧਿਆਨ ਨਿਜ ਘਰ ਮੇਂ ਨਹੀਂ ਪਹੁੰਚਾ ਸਕਤਾ। ਕੁਲ ਜੀਵੋਂ ਕੋ ਜੋ ਅਪਨਾ ਉਧਾਰ ਚਾਹਤੇ ਹੈਂ, ਲਾਜ਼ਮੀ ਹੈ ਕਿ ਅੰਤਰ ਮੇਂ ਸ਼ਬਦ ਗੁਰੂ ਕੇ ਚਰਨੋਂ ਮੇਂ ਲਗੇ।"

(ਪ੍ਰੇਮ ਪੱਤ੍ਰ, ਸਫ਼ਾ ੧੪, ਜਿਲਦ ੪, ਬਚਨ ੨)

ਰਾਧਾ ਸੁਆਮੀ ਅਤਿ ਆਪਾ ਵਿਰੋਧੀ ਗੱਲਾਂ ਕਰਦੇ ਤੇ ਲੋਟਨ ਕਬੂਤਰ ਵਾਂਗ ਕਲਾਬਾਜ਼ੀਆਂ ਮਾਰਦੇ ਹਨ। ਇਕ ਪਾਸੇ ਕਹਿੰਦੇ ਹਨ ਕਿ ਸ਼ਿਵ ਦਿਆਲ ਦਾ ਗੁਰੂ ਨਾਦ ਸੀ। ਦੂਜੇ ਪਾਸੇ ਕਹਿੰਦੇ ਹਨ, ਗ੍ਰੰਥ ਗੁਰੂ ਨਹੀਂ ਹੋ ਸਕਦਾ, ਜੋ ਸ਼ਬਦ ਅਤੇ ਆਤਮਿਕ ਗਿਆਨ ਦਾ ਸੰਗ੍ਰਹਿ ਹੈ। ਤੀਸਰੀ ਥਾਂ ਵਕਤ ਗੁਰੂ ਦੀ ਡੁਗੀ ਪਿਟਦੇ ਹਨ। ਚੌਥੀ ਥਾਂ ਬੇਵਕਤ ਗੁਰੂਆਂ ਅਰਥਾਤ ਮੁਰਦਿਆਂ ਦੀਆਂ ਮੜ੍ਹੀਆਂ ਬਣਾਈ ਜਾਂਦੇ ਹਨ।

ਅਖ਼ੀਰ ਵਿਚ ਕਈ ਚਕ੍ਰ ਕੱਢ ਕੇ 'ਗਿਆਨ ਗੁਰੂ ਆਤਮ ਉਪਦੇਸਹੁ' ਦੇ ਅਟਲ ਸਿਧਾਂਤ ਨੂੰ ਮੰਨਦੇ ਹੋਏ ਕਹਿੰਦੇ ਹਨ:

'ਅੰਤਰ ਮੇਂ ਸ਼ਬਦ ਗੁਰੂ ਕੇ ਚਰਨੋਂ ਮੇਂ ਲਗੇਂ।'

ਮੁੱਕਦੀ ਗੱਲ ਗੁਰੂ ਬਾਰੇ ਰਾਧਾ ਸੁਆਮੀ ਦੁਬਿਧਾ ਵਿਚ ਫਸੇ ਹੋਏ ਹਨ।

੨. ਰਾਇ ਬਹਾਦਰ ਸਾਲਗਰਾਮ

ਇਹ ਰਾਧਾ ਸੁਆਮੀਆਂ ਦੇ ਦੂਜੇ ਗੁਰੂ ਸਨ। ਆਪ ਦਾ ਜਨਮ ੧੪ ਮਾਰਚ ਸੰਨ ੧੮੨੯ ਨੂੰ ਪਿਪਲ ਮੰਡੀ ਆਗਰੇ ਵਿਚ ਰਾਇ ਬਹਾਦਰ ਸਿੰਘ ਵਕੀਲ ਦੇ ਘਰ ਹੋਇਆ। ਆਪ ਦੇ ਵੱਡੇ ਭਰਾ ਰਾਇ ਨੰਦ ਕਿਸ਼ੋਰ ਸਨ, ਜੋ ਸੰਨ ੧੮੩੦ ਵਿਚ ਗੁਜ਼ਰ ਗਏ।

ਜੀਵਨ ਚਰਿਤ੍ਰ ਰਾਇ ਸਾਲਗਰਾਮ, ਕ੍ਰਿਤ ਉਨ੍ਹਾਂ ਦੇ ਸਪੁਤ੍ਰ ਰਾਇ ਅਜੁਧਿਆ ਪ੍ਰਸ਼ਾਦ ਵਿਚ ਲਿਖਿਆ ਹੈ ਕਿ ਉਹ ੧੮ ਮਹੀਨੇ ਮਾਤਾ ਦੇ ਪੇਟ ਵਿਚ ਰਹੇ। ਇਹ ਸੁਕਦੇਵ ਦੀ ਜਨਮ ਸਾਖੀ ਦੀ ਨਕਲ ਹੈ। ਫਿਰ ਲਿਖਿਆ ਹੈ ਕਿ ਜਦ ਛੋਟੇ ਬੱਚੇ ਸਨ ਤਦ ਇਕ ਕਾਲਾ ਨਾਗ ਜੋ ਕੁਲਦੇਵ ਸੀ, ਉਨ੍ਹਾਂ ਦੇ ਸਾਹਮਣੇ ਕਈ ਦਿਨ ਕੁੰਡਲ ਮਾਰ ਕੇ ਬੈਠਾ ਰਿਹਾ। ਦਾਦੀ ਜੀ ਨੇ ਉਸ ਨੂੰ ਚਾਵਲ ਚੜ੍ਹਾਏ ਤੇ ਰਾਇ ਸਾਹਿਬ ਦੇ ਪਿਤਾ ਨੇ ਬੇਨਤੀ ਕੀਤੀ:

"ਐਸੀ ਦਇਆ ਸੇ ਖ਼ੌਫ਼ ਮਾਲੂਮ ਹੋਤਾ ਹੈ। ਬੱਚੇ ਕੇ ਨਜ਼ਦੀਕ ਨਾ ਆਇਆ ਕੀਜੀਏ।"

ਤਦ ਉਹ ਸੱਪ ਅਰਥਾਤ ਕੁਲਦੇਵ ਚਲਾ ਗਿਆ। ਇਸ ਤੋਂ ਸਾਬਤ ਹੁੰਦਾ ਹੈ ਕਿ ਰਾਇ ਸਾਹਿਬ ਦੀ ਦਾਦੀ ਤੇ ਪਿਤਾ ਦਕਿਆਨੂਸੀ, ਵਹਿਮੀ ਤੇ ਸੱਪਾਂ ਦੀ ਪੂਜਾ ਕਰਦੇ ਸਨ।

ਸ੍ਰੀ ਸਾਲਗਰਾਮ ਨੂੰ ਮਾਤਾ ਪਿਤਾ ਨੇ ੧੧ ਸਾਲ ਦੀ ਉਮਰ ਵਿਚ ਮਥਰਾ ਦੇ ਇਕ ਸਾਧੂ ਬਿਹਾਰੀ ਜੀ ਤੋਂ ਦੀਖਿਆ ਦੁਆਈ। ਜਿਸ ਤੋਂ ਪਿਛੋਂ ਇਨਕਾਰੀ ਹੋ ਗਏ। ਸਕੂਲ ਵਿਚ ਆਪ ਨੇ ਚੰਗੀ ਤਾਲੀਮ ਹਾਸਲ ਕੀਤੀ। ਅੰਗਰੇਜ਼ੀ ਵੀ ਪੜ੍ਹੀ।

੧੯ ਸਾਲ ਦੀ ਉਮਰ ਵਿਚ ੧੪ ਮਾਰਚ ੧੮੪੭ ਈ: ਨੂੰ ਪੋਸਟ ਮਾਸਟਰ ਜਨਰਲ ਯੂ.ਪੀ. ਦੇ ਦਫ਼ਤਰ ਵਿਚ ਕਲਰਕ ਭਰਤੀ ਹੋਏ। ਇਨ੍ਹਾਂ ਦੀ ਪਹਿਲੀ ਸ਼ਾਦੀ ਫ਼ਰਖਾਬਾਦ ਵਿਚ ਹੋਈ। ਪਰ ਪਤਨੀ ਇਕ ਲੜਕੀ ਪਿਛੇ ਛੱਡ ਕੇ ਗੁਜ਼ਰ ਗਈ। ਦੂਜੀ ਸ਼ਾਦੀ ੧੮੫੩ ਈ: ਵਿਚ ਆਗਰੇ ਵਿਚ ਹੀ ਹੋਈ।

ਗ਼ਦਰ ਦੇ ਇਕ ਸਾਲ ਬਾਅਦ ੧੮੫੮ ਈ: ਵਿਚ ਆਪ ਪੀ.ਐਮ.ਜੀ. ਦੇ ਹੈੱਡ-ਅਸਿਸਟੈਂਟ ਬਣੇ।

ਗੁਰਬਾਣੀ ਦਾ ਪ੍ਰਭਾਵ

ਜਿਸ ਤਰ੍ਹਾਂ ਸੁਆਮੀ ਸ਼ਿਵ ਦਿਆਲ ਉਤੇ ਗੁਰਬਾਣੀ ਦਾ ਖ਼ਾਨਦਾਨੀ ਤੇ ਨਿਰਮਲੇ ਸੰਤਾਂ ਦੀ ਸੰਗਤ ਕਰਕੇ ਪ੍ਰਭਾਵ ਸੀ, ਉਨ੍ਹਾਂ ਸੰਤਾਂ ਤੋਂ ਕਥਾ ਵਾਰਤਾ ਤੇ ਭਜਨ ਦੀ ਜੁਗਤੀ ਸਿੱਖੀ, ਇਸੇ ਤਰ੍ਹਾਂ ਰਾਇ ਸਾਲਗਰਾਮ 'ਤੇ ਵੀ ਗੁਰਬਾਣੀ ਦਾ ਪ੍ਰਭਾਵ ਪਿਆ, ਜਿਸ ਕਰਕੇ ਸੁਆਮੀ ਜੀ ਦੇ ਸਤਿਸੰਗੀ ਬਣੇ।

ਜੀਵਨ ਚਰਿਤ੍ਰ ਰਾਇ ਸਾਲਗਰਾਮ, ਲਿਖਤ ਰਾਇ ਅਜੁਧਿਆ ਪ੍ਰਸ਼ਾਦ ਦੇ ਸਫ਼ਾ ੨੪-੨੫ ਉਪਰ ਦਰਜ ਹੈ:

ਸੰਨ ੧੮੫੮ ਈ: ਵਿਚ ਜਦ ਹਜ਼ੂਰ ਮਹਾਰਾਜ (ਰਾਇ ਸਾਲਗਰਾਮ) ਹੈੱਡ-ਅਸਿਸਟੈਂਟ ਪੀ.ਐਮ.ਜੀ. ਦੇ ਅਹੁਦੇ ਉਪਰ ਸਨ, ਮੇਰਠ ਵਿਚ ਦੌਰੇ 'ਤੇ ਪੋਸਟ ਮਾਸਟਰ ਜਨਰਲ ਨਾਲ, ਖ਼ਾਸ ਸੱਦਣ ਕਰਕੇ ਗਏ। ਉਸ ਵਕਤ ਲਾਲਾ ਪ੍ਰਤਾਪ ਸਿੰਹੁ (ਸ੍ਰੀ ਸ਼ਿਵ ਦਿਆਲ ਦੇ ਛੋਟੇ ਭਰਾ) ਜੋ 'ਚਾਚਾ ਜੀ' ਦੇ ਉਪਨਾਮ ਨਾਲ ਪ੍ਰਸਿੱਧ ਸਨ, ਉਹ ਵੀ ਪੀ.ਐਮ.ਜੀ. ਦੇ ਕੈਂਪ ਕਲਰਕ ਦੇ ਤੌਰ 'ਤੇ ਨਾਲ ਸ਼ਾਮਲ ਸਨ। ਜਿਥੇ ਰਾਇ ਸਾਲਗਰਾਮ ਠਹਿਰੇ ਹੋਏ ਸਨ, ਉਸ ਦੇ ਲਾਗੇ ਹੀ ਉਹ ਵੀ ਠਹਿਰੇ ਹੋਏ ਸਨ। ਚਾਚਾ ਜੀ (ਲਾਲਾ ਪ੍ਰਤਾਪ ਸਿੰਹੁ) ਪੰਜ ਗ੍ਰੰਥੀ ਦਾ ਪਾਠ ਕਰਦੇ ਸਨ, ਉਸਨੂੰ ਸੁਣ ਕੇ ਰਾਇ ਸਾਲਗਰਾਮ ਨੇ ਪੁਛਿਆ, "ਜੋ ਪਾਠ ਆਪ ਕਰਦੇ ਹੋ, ਉਸ ਦੇ ਭੇਤ ਅਤੇ ਅਭਿਆਸ ਤੋਂ ਵੀ ਜਾਣੂ ਹੋ ਜਾਂ ਕੋਈ ਹੋਰ ਹੈ, ਕਿਸੇ ਸਾਹਿਬ ਨਾਲ ਜਿਹੜਾ ਇਸ ਰਮਜ਼ ਦਾ ਜਾਣੂ ਹੋਵੇ, ਉਸ ਨਾਲ ਸਾਡੀ ਜਾਣ ਪਛਾਣ ਕਰਵਾ ਦਿਓ।"

ਲਾਲਾ ਪ੍ਰਤਾਪ ਸਿੰਹੁ ਨੇ ਉੱਤਰ ਦਿੱਤਾ:

"ਮੇਰੇ ਵਡੇ ਭਰਾ ਸ਼ਿਵ ਦਿਆਲ ਸਿੰਹੁ ਆਗਰੇ ਰਹਿੰਦੇ ਹਨ। ਇਸ ਭੇਤ ਤੋਂ ਜਾਣੂ ਹਨ ਅਤੇ ਅਭਿਆਸ ਵੀ ਕਰਦੇ ਹਨ।"

ਰਾਇ ਸਾਲਗਰਾਮ ਨੇ ਕਿਹਾ:

"ਆਗਰੇ ਵਾਪਸ ਜਾਣ 'ਤੇ ਆਪ ਮੇਰੀ ਮੁਲਾਕਾਤ ਆਪਣੇ ਵਡੇ ਭਰਾ ਨਾਲ ਕਰਵਾ ਦਿਓ।"

੧੮੫੮ ਈ: ਵਿਚ ਹੀ ਆਪ ਦੀ ਪਹਿਲੀ ਮੁਲਾਕਾਤ ਸੁਆਮੀ ਸ਼ਿਵ ਦਿਆਲ ਨਾਲ ਹੋਈ। ਇਨ੍ਹਾਂ ਦੇ ਰਾਧਾ ਸੁਆਮੀ ਦੇ ਚੇਲੇ ਬਣਨ ਨਾਲ ਮਹਿਕਮਾ ਡਾਕ ਦੇ ਕਈ ਮੁਲਾਜ਼ਮ ਉਨ੍ਹਾਂ ਦੇ ਸੇਵਕ ਬਣੇ।

੩੧ ਅਗਸਤ ੧੮੭੧ ਈ: ਨੂੰ ਸਰਕਾਰ ਅੰਗਰੇਜ਼ੀ ਨੇ ਆਪ ਨੂੰ ਰਾਇ ਬਹਾਦਰ ਦਾ ਖ਼ਿਤਾਬ ਦਿੱਤਾ। ੧੮੭੬ ਈ: ਵਿਚ ਸੁਆਮੀ ਬਾਗ਼ ਆਗਰੇ ਵਿਚ ਆਏ।

ਆਪ ਨੇ ਰਾਧਾ ਸੁਆਮੀ ਨਾਮ 'ਤੇ ਮਤ ਪ੍ਰਚਲਤ ਕੀਤਾ। ਤੇ ਸੁਆਮੀ ਜੀ ਦੇ ਗੁਜ਼ਰ ਜਾਣ ਉਤੇ ਦੂਜੇ ਗੁਰੂ ਬਣੇ। ਵਾਸਤਵ ਵਿਚ ਇਸ ਮਤ ਦੇ ਬਾਨੀ ਹਨ।

੧੧ ਫ਼ਰਵਰੀ ੧੮੮੭ ਈ: ਨੂੰ ਆਪ ਨੂੰ ਪੈਨਸ਼ਨ ਮਿਲ ਗਈ। ੨੬ ਫ਼ਰਵਰੀ ੧੮੮੭ ਨੂੰ ਆਪ ਦੀ ਦੂਜੀ ਇਸਤ੍ਰੀ ਦਾ ਦਿਹਾਂਤ ਹੋਇਆ। ੧੮੭੯ ਈ: ਵਿਚ ਆਪ ਦੇ ਮਾਤਾ ਜੀ ਗੁਜ਼ਰ ਗਏ।

੬ ਦਸੰਬਰ ੧੮੯੮ ਈ: ਨੂੰ ਪਿਪਲ ਮੰਡੀ ਆਗਰੇ ਵਿਚ ਰਾਇ ਸਾਲਗਰਾਮ

ਦਾ ਦੇਹਾਂਤ ਹੋਇਆ। ਉਥੇ ਸਮਾਧੀ ਬਣੀ ਹੋਈ ਹੈ। ਮਕਾਨ ਦਾ ਨਾਂ 'ਪ੍ਰੇਮ ਬਿਲਾਸ' ਹੈ। ਰਾਧਾ ਸੁਆਮੀ ਇਨ੍ਹਾਂ ਨੂੰ 'ਹਜ਼ੂਰ ਮਹਾਰਾਜ' ਕਹਿੰਦੇ ਹਨ। ਬਿਆਸ ਵਾਲੇ ਇਨ੍ਹਾਂ ਨੂੰ ਗੁਰੂ ਨਹੀਂ ਮੰਨਦੇ।

ਜਾਪਦਾ ਇਹ ਹੈ ਕਿ ਅੰਗਰੇਜ਼ਾਂ ਨੇ ਜਿਸ ਤਰ੍ਹਾਂ ਸਰ ਆਗਾ ਖ਼ਾਂ ਤੇ ਮਿਰਜ਼ਾ ਕਾਦਿਆਨੀ ਨੂੰ ਮੁਸਲਮਾਨਾਂ ਵਿਚੋਂ ਵਰਤਿਆ, ਇਸੇ ਤਰ੍ਹਾਂ ੧੮੫੭ ਦੇ ਗ਼ਦਰ ਦੇ ਬਾਅਦ ਯੂ.ਪੀ. ਦੇ ਹਿੰਦੂਆਂ ਵਿਚ ਇਕ ਨਵੀਂ ਸੰਪਰਦਾ ਰਾਧਾ ਸੁਆਮੀ ਦਾ ਮੁਖੀ ਰਾਇ ਬਹਾਦਰ ਸਾਲਗਰਾਮ ਨੂੰ ਬਣਾ ਕੇ ਵਰਤਿਆ, ਤਾਕਿ ਇਸ ਮਤ ਦੇ ਲੋਕੀ ਰਾਜਨੀਤੀ ਵਲ ਨਾ ਪੈਣ। ਆਲਤੀ ਪਾਲਤੀ ਆਸਣ ਤੇ ਭੰਵਰ ਗੁਫ਼ਾ ਵਿਚ ਪਏ ਘੁੰਮਦੇ ਰਹਿਣ।

੩. ਪੰਡਤ ਬ੍ਰਹਮ ਸ਼ੰਕਰ

ਇਹ ਰਾਧਾ ਸੁਆਮੀਆਂ ਦੇ ਤੀਸਰੇ ਗੁਰੂ ਹੋਏ ਹਨ। ਪੰਡਤ ਬ੍ਰਹਮ ਸ਼ੰਕਰ ਬੰਗਾਲੀ ਬ੍ਰਾਹਮਣ ਸਨ। ਕਲਕੱਤਾ ਯੂਨੀਵਰਸਿਟੀ ਦੇ ਐਮ.ਏ., ਬਨਾਰਸ ਦੇ ਵਸਨੀਕ ਅਤੇ ਅਲਾਹਾਬਾਦ ਵਿਚ ਅਕਾਉਂਟੈਂਟ ਜਨਰਲ ਦੇ ਦਫ਼ਤਰ ਵਿਚ ਚੰਗੇ ਅਹੁਦੇ ਉਪਰ ਸਨ। ਇਨ੍ਹਾਂ ਨੇ ਵੇਖਿਆ ਕਿ ਹੁਣ ਸ਼ਖ਼ਸੀ ਗੁਰੂ-ਡੰਮ੍ਹ ਨਹੀਂ ਚਲ ਸਕਦਾ, ਇਸ ਲਈ ੧੯੦੪ ਈ: ਵਿਚ ਰਾਧਾ ਸੁਆਮੀ ਟ੍ਰਸਟ ਕਾਇਮ ਕੀਤਾ। ਅੰਗਰੇਜ਼ੀ ਵਿਚ ਇਕ ਪੁਸਤਕ *ਡਿਸਕੋਰਸਜ਼ ਆਨ ਰਾਧਾ ਸੁਆਮੀ ਫ਼ੇਥ* ਪ੍ਰਕਾਸ਼ਤ ਕੀਤੀ। ੧੨ ਅਕਤੂਬਰ ੧੯੦੭ ਨੂੰ ਬਨਾਰਸ ਵਿਚ ਇਨ੍ਹਾਂ ਦਾ ਦੇਹਾਂਤ ਹੋਇਆ। ਉਥੇ ਸਮਾਧ ਬਣੀ ਹੋਈ ਹੈ।

ਰਾਧਾ ਸੁਆਮੀ ਇਨ੍ਹਾਂ ਨੂੰ ਗੁਰੂ ਮਹਾਰਾਜ ਕਹਿੰਦੇ ਹਨ।

ਗੁਰਤਾ ਦਾ ਝਗੜਾ

ਪੰਡਤ ਬ੍ਰਹਮ ਸ਼ੰਕਰ ਦੇ ਬਾਅਦ ਰਾਧਾ ਸੁਆਮੀਆਂ ਵਿਚ ਗੁਰਤਾ ਦਾ ਝਗੜਾ ਚਲ ਪਿਆ। ਬਨਾਰਸ ਵਾਲੇ ਪੰਡਤ ਜੀ ਦੀ ਭੈਣ 'ਬੂਆ ਜੀ' ਨੂੰ ਗੁਰੂ ਅਵਤਾਰ ਮੰਨਣ ਲਗ ਪਏ। ਉਹ ੧੯੧੩ ਈ: ਵਿਚ ਗੁਜ਼ਰ ਗਈ। ਉਸਦੀ ਥਾਂ ਸੰਗਤ ਦੁਆਰਾ ਇਕ ਗੁਰੂ ਨਿਯਤ ਕੀਤਾ ਗਿਆ, ਜਿਸਨੂੰ 'ਬਾਪੂ ਜੀ' ਕਹਿੰਦੇ ਸਨ।

ਇਸ ਤਰ੍ਹਾਂ ਦਿਆਲ ਬਾਗ਼ ਆਗਰੇ ਦੇ ਮੁਕਾਬਲੇ 'ਤੇ ਬਨਾਰਸ ਵਿਚ ਇਕ ਗੱਦੀ ਕਾਇਮ ਹੋ ਗਈ।

ਅਲਾਹਾਬਾਦ ਵਿਚ ਅਕਾਉਂਟੈਂਟ ਜਨਰਲ ਦੇ ਦਫ਼ਤਰ ਵਿਚ ਜਿਥੇ ਪੰਡਤ

ਬ੍ਰਹਮ ਸ਼ੰਕਰ ਮੁਲਾਜ਼ਮ ਸਨ, ਉਸੇ ਦਫ਼ਤਰ ਵਿਚ ਇਕ ਰਾਇ ਮਾਧੋ ਪ੍ਰਸ਼ਾਦ ਵੀ ਮੁਲਾਜ਼ਮ ਸਨ। ਉਨ੍ਹਾਂ ਨੇ ਵੀ ਗੁਰਤਾ ਦਾ ਦਾਅਵਾ ਕਰ ਦਿੱਤਾ ਤੇ ਕਿਹਾ ਕਿ ਪੰਡਤ ਬ੍ਰਹਮ ਸ਼ੰਕਰ ਦਾ ਜਾਨਸ਼ੀਨ ਮੈਂ ਹਾਂ। ਇਸ ਤਰ੍ਹਾਂ ਤੀਜੀ ਗੱਦੀ ਅਲਾਹਾਬਾਦ ਵਿਚ ਕਾਇਮ ਹੋ ਗਈ।

੪. ਸ੍ਰੀ ਕਾਮਤਾ ਪ੍ਰਸ਼ਾਦ

ਗੁਰਤਾ ਦੇ ਇਸ ਝਗੜੇ ਵਿਚ ਹੀ ਦਿਆਲ ਬਾਗ਼ ਗੱਦੀ ਉਪਰ ਪਿੰਡ ਮਰੋਈ, ਜ਼ਿਲ੍ਹਾ ਗਾਜ਼ੀਪੁਰ (ਬਿਹਾਰ) ਦੇ ਇਕ ਵਕੀਲ ਸ੍ਰੀ ਕਾਮਤਾ ਪ੍ਰਸ਼ਾਦ ਚੌਥੇ ਗੁਰੂ ਬਣ ਗਏ। ਉਨ੍ਹਾਂ ਦਾ ਦੇਹਾਂਤ ਨਵੰਬਰ ੧੯੧੩ ਈ: ਵਿਚ ਹੋ ਗਿਆ। ਰਾਧਾ ਸੁਆਮੀ ਉਨ੍ਹਾਂ ਨੂੰ 'ਸਰਕਾਰ ਸਾਹਿਬ' ਕਹਿੰਦੇ ਹਨ।

੫. ਸ੍ਰੀ ਅਨੰਦ ਸਰੂਪ

ਸ੍ਰੀ ਕਾਮਤਾ ਪ੍ਰਸ਼ਾਦ ਦੇ ਬਾਅਦ ਵੀ ਗੁਰਤਾ ਦਾ ਝਗੜਾ ਚਲਦਾ ਰਿਹਾ। ਰਾਇ ਬਹਾਦਰ ਸਾਲਗਰਾਮ ਦੇ ਪੁਤਰ ਸ੍ਰੀ ਅਜੁਧਿਆ ਪ੍ਰਸ਼ਾਦ ਨੇ ਵੀ ਗੱਦੀ ਕਾਇਮ ਕਰ ਲਈ।

ਜਨਵਰੀ ੧੯੧੭ ਈ: ਦੇ ਰਸਾਲਾ 'ਸੁਰਸਵਤੀ' ਅਲਾਹਾਬਾਦ ਵਿਚ ਆਗਰੇ ਦੀ ਗੱਦੀ ਬਾਰੇ ਇਕ ਲੇਖ ਲਾਲਾ ਕੰਨੂ ਰਾਮ ਦਾ ਪ੍ਰਕਾਸ਼ਤ ਹੋਇਆ। ਉਸ ਵਿਚ ਲਿਖਿਆ ਹੈ:

"ਪੰਜਾਬ ਦੇ ਕੋਈ ਸਾਹਿਬ (ਅਨੰਦ ਸਰੂਪ) ਆਪਣੇ ਆਪ ਨੂੰ ਇਸ ਪਦਵੀ ਦਾ ਅਧਿਕਾਰੀ ਦੱਸਦੇ ਹਨ, ਪਰ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।"

ਖ਼ੈਰ! ਇਸ ਰਗੜੇ ਝਗੜੇ ਵਿਚ ਸ੍ਰੀ ਅਨੰਦ ਸਰੂਪ ੧੯੧੭ ਈ: ਵਿਚ ਦਿਆਲ ਬਾਗ ਦੇ ਪੰਜਵੇਂ ਗੁਰੂ ਬਣ ਗਏ।

ਇਹ ਅੰਬਾਲੇ ਦੇ ਆਹਲੂਵਾਲੀਏ ਸਨ। ਡੀ.ਏ.ਵੀ. ਕਾਲਜ ਲਾਹੌਰ ਦੇ ਪੜ੍ਹੇ ਹੋਏ ਸਨ। ਇਨ੍ਹਾਂ ਦੇ ਭਰਾ ਭਾਈ ਵਕੀਲ ਤੇ ਇੰਜੀਨੀਅਰ ਸਨ। ਆਪ ਪਹਿਲਾਂ ਮਹਿਕਮਾ ਡਾਕ-ਤਾਰ ਵਿਚ ਕਲਰਕ ਭਰਤੀ ਹੋਏ। ਸੁਪ੍ਰਿੰਟੈਂਡੈਂਟ ਦੀ ਪਦਵੀ ਤੋਂ ਰੀਟਾਇਰ ਹੋ ਕੇ ਗੁਰੂ ਬਣੇ।

ਸ੍ਰੀ ਅਨੰਦ ਸਰੂਪ ਨੇ ਦਿਆਲ ਬਾਗ ਨੂੰ ਚੰਗੀ ਤਰੱਕੀ ਦਿੱਤੀ। ਉਥੇ ਸਕੂਲ, ਕਾਲਜ, ਫ਼ੈਕਟਰੀਆਂ ਤੇ ਡੇਅਰੀ ਫਾਰਮ ਆਦਿਕ ਬਣਾਈਆਂ।

ਸਰ ਦਾ ਖ਼ਿਤਾਬ

ਸੰਨ ੧੯੨੯ ਵਿਚ ਸਰਕਾਰ ਅੰਗਰੇਜ਼ੀ ਨੇ ਇਨ੍ਹਾਂ ਨੂੰ ਰਾਇ ਬਹਾਦਰ ਦਾ ਖ਼ਿਤਾਬ ਦਿੱਤਾ। ਉਹ ਪ੍ਰਵਾਨ ਨਹੀਂ ਕੀਤਾ, ਪਰ ੧੯੩੬ ਈ: ਨੂੰ 'ਸਰ' ਦਾ ਖ਼ਿਤਾਬ ਪ੍ਰਵਾਨ ਕਰ ਲਿਆ।

ਸਰ ਅਨੰਦ ਸਰੂਪ ਦੇਸ਼ ਦੀ ਆਜ਼ਾਦੀ ਦੀ ਰਾਜਨੀਤਕ ਲਹਿਰ ਵਿਚ ਹਿੱਸਾ ਲੈਣ ਦੇ ਹਾਮੀ ਨਹੀਂ ਸਨ।

ਉਹ ਕਹਿੰਦੇ ਸਨ :

"ਪੁਲੀਟੀਕਲ ਲਹਿਰ ਦਾ ਮਕਸਦ ਰਾਜ ਭਾਗ ਪ੍ਰਾਪਤ ਕਰਨਾ ਹੈ। ਇਸ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ।"

(ਦੇਖੋ ਡਾਇਰੀ ਸ੍ਰੀ ਅਨੰਦ ਸਰੂਪ, ੨੬ ਸਤੰਬਰ, ੧੯੩੦ ਈ:)

ਚੂੰਕਿ ਰਾਧਾ ਸੁਆਮੀਆਂ ਦੇ ਬਹੁਤੇ ਗੁਰੂ ਅੰਗਰੇਜ਼ ਦੀ ਨੌਕਰੀ ਵਿਚੋਂ ਹੋਏ ਹਨ, ਇਸ ਲਈ ਉਨ੍ਹਾਂ ਦੇ ਮੰਨਣ ਵਾਲਿਆਂ ਨੇ ਜਮਾਤੀ ਤੌਰ 'ਤੇ ਭਾਰਤ ਦੀ ਅਜ਼ਾਦੀ ਦੀ ਲਹਿਰ ਵਿਚ ਕੋਈ ਹਿੱਸਾ ਨਹੀਂ ਲਿਆ। ਇਨ੍ਹਾਂ ਦਾ ਰੋਲ ਪਿਛਾਂਹ-ਖਿੱਚੂ ਰਿਹਾ ਹੈ।

ਯੂ.ਪੀ. ਸਰਕਾਰ ਨੇ ਸ੍ਰੀ ਅਨੰਦ ਸਰੂਪ ਦੇ ਲੜਕੇ ਬ੍ਰਹਮ ਸਰੂਪ ਨੂੰ ਢਾਈ ਹਜ਼ਾਰ ਮਾਸਕ ਵਜ਼ੀਫ਼ਾ ਦੇ ਕੇ ਸਵਿਟਜ਼ਰਲੈਂਡ ਵਿਚ ਡੇਅਰੀ ਦਾ ਕੰਮ ਸਿਖਣ ਲਈ ਭੇਜਿਆ।

ਸ੍ਰੀ ਅਨੰਦ ਸਰੂਪ ਨੇ ਦਿਆਲ ਬਾਗ਼ ਦੀ ਇੰਡਸਟਰੀ ਨੂੰ ਵਿਕਸਤ ਕਰਨ ਦੇ ਨਾਲ ਪੁਤਲੀ ਘਰ ਅੰਮ੍ਰਿਤਸਰ ਵਿਖੇ ਕਪੜੇ ਦੀ ਇਕ ਮਿਲ ਖ਼ਰੀਦੀ, ਜੋ ਅਜੇ ਤੀਕ ਚਲਦੀ ਹੈ।

ਬਿਆਸ ਤੇ ਆਗਰੇ ਦਾ ਮਤ-ਭੇਦ

ਜਿਥੇ ਬਨਾਰਸ ਅਤੇ ਅਲਾਹਾਬਾਦ ਦੇ ਗੁਰੂ ਦਿਆਲ ਬਾਗ ਨਾਲ ਮਤ-ਭੇਦ ਰਖਦੇ ਸਨ, ਉਥੇ ਬਿਆਸ ਦੀ ਗੱਦੀ ਦੇ ਰਾਧਾ ਸੁਆਮੀ ਬਾਬੂ ਸਾਵਣ ਸਿੰਘ ਵੀ ਸ੍ਰੀ ਅਨੰਦ ਸਰੂਪ ਨਾਲ ਮਤ-ਭੇਦ ਰਖਦੇ ਸਨ। ਉਹ ਦਿਆਲ ਬਾਗ ਦੀਆਂ ਵਿਦਿਅਕ ਅਤੇ ਸਨਅਤੀ ਸਕੀਮਾਂ ਬਾਰੇ ਕਹਿੰਦੇ ਸਨ—"ਇਹ ਕਾਲ ਦੀ ਮਤ ਵਿਚ ਗ੍ਰਸੇ ਹੋਏ ਦਾ ਸਬੂਤ ਹਨ।"

ਇਸ ਦੇ ਉਲਟ ਸਰ ਅਨੰਦ ਸਰੂਪ ਕਹਿੰਦੇ ਸਨ :

"ਬਾਬੂ ਸਾਵਣ ਸਿੰਘ ਰਾਧਾ ਸੁਆਮੀ ਨਾਮ ਅਤੇ ਧਾਮ ਬਾਰੇ ਕੁਝ ਨਹੀਂ ਜਾਣਦੇ।"

ਦੋਹਾਂ ਦੀ ਪੋਜ਼ੀਸ਼ਨ 'ਇਕ ਫਿਰੇ ਨੱਥ ਘੜਾਉਣ ਨੂੰ ਅਤੇ ਦੂਜਾ ਫਿਰੇ ਨੱਕ ਵਢਾਉਣ ਨੂੰ' ਵਾਲੀ ਸੀ।

ਸ੍ਰੀ ਅਨੰਦ ਸਰੂਪ ਇਸ ਬਾਰੇ ਆਪਣੀ ਡਾਇਰੀ ਵਿਚ ਲਿਖਦੇ ਹਨ :

"ਇਕ ਭਾਈ ਨੇ ਵਜ਼ੀਰਾਬਾਦ ਅਤੇ ਦੂਜੇ ਨੇ ਲਾਹੌਰ ਤੋਂ ਸ: ਸਾਵਣ ਸਿੰਘ ਤੇ ਉਨ੍ਹਾਂ ਨਾਲ ਸੰਬੰਧ ਰਖਣ ਵਾਲਿਆਂ ਬਾਰੇ ਸਮਾਚਾਰ ਲਿਖਦੇ ਹੋਏ ਬਹੁਤ ਅਫ਼ਸੋਸ ਕੀਤਾ ਹੈ। ਪਰ ਜਦ ਉਨ੍ਹਾਂ (ਬਾਬੂ ਸਾਵਣ ਸਿੰਘ) ਨੂੰ ਸਤਿਸੰਗ ਦੀ ਤਾਲੀਮ ਦੀ ਵਾਕਫ਼ੀਅਤ ਹੀ ਨਹੀਂ, ਤਦ ਉਨ੍ਹਾਂ ਦਾ ਕੀ ਕਸੂਰ ਹੈ ? ਸੰਸਾਰ ਵਿਚ ਅਜੇਹੇ ਲੱਖਾਂ ਆਦਮੀ ਹਨ, ਜਿਹੜੇ ਮਨ ਆਈਆਂ ਗੱਲਾਂ ਕਰਦੇ ਹਨ।"

(ਦੇਖੋ ਡਾਇਰੀ ਸ੍ਰੀ ਅਨੰਦ ਸਰੂਪ, ੨੪ ਨਵੰਬਰ ੧੯੩੦ ਈ:,
ਅਖ਼ਬਾਰ ਪ੍ਰੇਮ ਪ੍ਰਚਾਰਕ, ਆਗਰਾ, ੧੯ ਜਨਵਰੀ ੧੯੩੧ ਈ:)

ਅੱਗੇ ਚਲ ਕੇ ਸ੍ਰੀ ਅਨੰਦ ਸਰੂਪ ਆਪਣੀ ਡਾਇਰੀ ਵਿਚ ਲਿਖਦੇ ਹਨ :

"ਇਕ ਭਾਈ ਨੇ ਪ੍ਰਸ਼ਨ ਕੀਤਾ ਹੈ ਕਿ ਬਿਆਸ ਵਿਚ ਵੀ ਉਸੇ ਸੰਤ ਮਤ ਦਾ ਪ੍ਰਚਾਰ ਹੁੰਦਾ ਹੈ, ਜਿਸਦਾ ਕਿ ਦਿਆਲ ਬਾਗ ਵਿਚ ਉਪਦੇਸ਼ ਕੀਤਾ ਜਾਂਦਾ ਹੈ ?"

"ਮੈਨੂੰ ਆਪਣੇ ਤਜਰਬੇ ਤੋਂ ਇਹ ਮਾਲੂਮ ਹੈ ਕਿ ਸ: ਸਾਵਣ ਸਿੰਘ ਰਾਧਾ ਸੁਆਮੀ ਨਾਮ ਨੂੰ ਧੁਨੀਆਤਮਿਕ ਨਹੀਂ ਮੰਨਦੇ। ਸੁਆਮੀ ਜੀ ਬਿਨਾਂ ਕਿਸੇ ਹੋਰ ਗੁਰੂ ਉਤੇ ਵੀ ਨਿਸਚਾ ਨਹੀਂ ਕਰਦੇ। ਚੂੰਕਿ ਹਰੇਕ ਸੰਤ ਸਤਿਗੁਰੂ ਉਸ ਨਾਮ ਦਾ ਉਪਦੇਸ਼ ਕਰਦੇ ਹਨ, ਜਿਸ ਦੀ ਧੁਨੀ ਉਨ੍ਹਾਂ ਦੇ ਅੰਦਰ ਗੂੰਜਦੀ ਹੈ, ਜੋ ਉਨ੍ਹਾਂ ਦੀ ਜ਼ਿੰਦਗੀ ਦਾ ਆਧਾਰ ਹੈ, ਜਿਸ ਨਾਲ ਉਹ ਸਿਖ ਦੀ ਸੁਰਤਿ ਨੂੰ ਜੋੜਦੇ ਹਨ।"

"ਇਸ ਤੋਂ ਪ੍ਰਗਟ ਹੈ ਕਿ ਸਰਦਾਰ ਸਾਹਿਬ (ਸਾਵਣ ਸਿੰਘ) ਦੇ ਅੰਦਰ ਨਾ ਰਾਧਾ ਸੁਆਮੀ ਨਾਮ ਦੀ ਧੁਨੀ ਹੈ, ਨਾ ਉਨ੍ਹਾਂ ਦਾ ਰਾਧਾ ਸੁਆਮੀ ਧਾਮ ਨਾਲ ਕੋਈ ਸੰਬੰਧ ਹੈ।"

(ਡਾਇਰੀ ੧੧ ਸਤੰਬਰ ੧੯੩੧ ਈ:; ਪ੍ਰੇਮ ਪ੍ਰਚਾਰਕ, ੨੩ ਨਵੰਬਰ ੧੯੩੧ ਈ:)

ਗੁਰੂਆਂ ਦੀ ਮੁਕੱਦਮੇ-ਬਾਜ਼ੀ

ਗੁਰੂ-ਡੰਮ੍ਹ ਦੇ ਕਾਰਨ ਰਾਧਾ ਸੁਆਮੀਆਂ ਵਿਚ ਜੋ ਗੱਦੀਆਂ ਕਾਇਮ ਹੋਈਆਂ, ਉਨ੍ਹਾਂ ਵਿਚਕਾਰ ਬੜੀ ਮੁਕੱਦਮੇ-ਬਾਜ਼ੀ ਹੋਈ ਹੈ। ੧੯੨੦ ਈ: ਵਿਚ ਟ੍ਰਸਟ ਐਕਟ ਬਣਨ ਕਰਕੇ ਇਕ ਬੰਗਾਲੀ ਗਿਆਨ ਬੈਸਾਖ,ਰਾਇ ਮਾਧੋ ਪ੍ਰਸ਼ਾਦ ਅਲਾਹਾਬਾਦ ਦੀ ਪਾਰਟੀ ਛੱਡ ਕੇ ਦਿਆਲ ਬਾਗ ਪਾਰਟੀ ਨਾਲ ਮਿਲ ਗਿਆ।

ਉਸ ਨੇ ਮੁਕੱਦਮਾ ਕੀਤਾ ਕਿ ਰਾਇ ਮਾਧੋ ਪ੍ਰਸ਼ਾਦ ਪੂਜਾ-ਭੇਟ ਦਾ ਹਿਸਾਬ ਦੇਣ, ਜਾਇਦਾਦ ਨੂੰ ਟ੍ਰਸਟ ਦੇ ਸਪੁਰਦ ਕਰਨ।

ਦਿਆਲ ਬਾਗ ਦਾ ਕਹਿਣਾ ਸੀ ਕਿ ਪੂਜਾ-ਭੇਟ ਤੋਂ ਬਣੀ ਜਾਇਦਾਦ ਦਾ ਮਾਲਕ ਸਤਿਸੰਗ ਹੈ। ਰਾਇ ਮਾਧੋ ਪ੍ਰਸ਼ਾਦ ਨੇ ਸਬ ਜੱਜ ਬਨਾਰਸ ਦੀ ਅਦਾਲਤ ਵਿਚ ਬਿਆਨ ਦਿੱਤਾ : "ਸਤਿਸੰਗ ਦੀ ਜਾਇਦਾਦ ਦਾ ਵਾਹਿਦ ਮਾਲਕ ਗੁਰੂ ਹੋ ਸਕਦਾ ਹੈ। ਮੈਂ ਪੰਡਤ ਬ੍ਰਹਮ ਸ਼ੰਕਰ ਦਾ ਜਾਨਸ਼ੀਨ ਹਾਂ। ਇਸ ਲਈ ਜਾਇਦਾਦ ਦਾ ਮਾਲਕ ਹਾਂ।" *(ਦੇਖੋ ਅਖ਼ਬਾਰ ਪ੍ਰੇਮ ਪ੍ਰਚਾਰਕ, ਆਗਰਾ, ੨੭ ਨਵੰਬਰ ੧੯੨੭ ਈ:)*

ਦਿਆਲ ਬਾਗ, ਸੁਆਮੀ ਬਾਗ ਤੇ ਅਲਾਹਾਬਾਦ ਦੇ ਗੁਰੂਆਂ ਦੇ ਵਿਚਕਾਰ ੩੧ ਮੁਕੱਦਮੇ ਹੋ ਚੁੱਕੇ ਹਨ।[੧] ਇਹ ਮੁਕੱਦਮੇ-ਬਾਜ਼ੀ ਲੰਡਨ ਦੀ ਪ੍ਰੀਵੀ-ਕੌਂਸਲ ਤੀਕ ਗਈ। ਉਸ ਦੇ ਫ਼ੈਸਲੇ ਅਨੁਸਾਰ ਦਿਆਲ ਬਾਗ ਉਤੇ ਸੁਆਮੀ ਜੀ ਦੇ ਭਰਾ ਲਾਲਾ ਪ੍ਰਤਾਪ ਸਿੰਹੁ ਦੇ ਪੁਤ੍ਰ ਸੇਠ ਸੁਦਰਸ਼ਨ ਸਿੰਹੁ ਦੀ ਪਾਰਟੀ ਦਾ ਕਬਜ਼ਾ ਮੰਨਿਆ ਗਿਆ।

ਬਨਾਰਸ ਤੇ ਅਲਾਹਾਬਾਦ ਦੀਆਂ ਗੱਦੀਆਂ ਸੁਆਮੀ ਬਾਗ ਦੀਆਂ ਹਮਾਇਤੀ ਹਨ।

ਇਸ ਵਕਤ ਆਗਰੇ ਵਿਚ ਤਿੰਨ ਗੱਦੀਆਂ ਹਨ : ਇਕ ਦਿਆਲ ਬਾਗ ਦੀ, ਦੂਜੀ ਸੁਆਮੀ ਬਾਗ ਦੀ, ਤੀਸਰੀ ਪਿੱਪਲ ਮੰਡੀ ਵਿਚ ਰਾਇ ਸਾਲਗਰਾਮ ਦੇ ਪੁਤਰ ਸ੍ਰੀ ਅਜੁਧਿਆ ਪ੍ਰਸ਼ਾਦ ਦੀ। ਜਿਸ ਗੁਰੂ ਕੋਲ ਜਾਉ, ਉਹ ਕਹਿੰਦਾ ਹੈ, "ਅਸਲ ਰਾਧਾ ਸੁਆਮੀ ਨਾਮ ਦੀ ਧੁਨੀ ਅਤੇ ਜੁਗਤੀ ਇਥੇ ਹੈ, ਬਾਕੀ ਥਾਂਵਾਂ ਡੰਮ੍ਹ ਹੀ ਹਨ।"

ਸੰਨ ੧੯੩੭ ਵਿਚ ਸ੍ਰੀ ਅਨੰਦ ਸਰੂਪ ਦਿਆਲ ਬਾਗ ਦਾ ਦੇਹਾਂਤ ਹੋਇਆ। ਉਨ੍ਹਾਂ ਦੀ ਥਾਂ ਪੰਜਾਬ ਸਰਕਾਰ ਦੇ ਰੀਟਾਇਰਡ ਸੁਪ੍ਰਿੰਟੈਂਡੈਂਟਿੰਗ ਇੰਜੀਨੀਅਰ ਗੁਰੂ ਸ਼ਰਨ ਦਾਸ ਗੱਦੀ ਉਪਰ ਬੈਠੇ, ਜੋ ਇਸ ਵਕਤ ਵੀ ਦਿਆਲ ਬਾਗ ਦੇ ਗੁਰੂ ਹਨ। ਰਾਧਾ ਸੁਆਮੀ ਸ੍ਰੀ ਅਨੰਦ ਸਰੂਪ ਨੂੰ ਸਾਹਿਬ ਜੀ ਕਹਿੰਦੇ ਹਨ।

ਆਗਰੇ ਵਿਚ ਇਕ ਬੰਗਾਲੀ ਡਾਕਟਰ ਨੂੰ ਵੀ ਗੁਰੂ ਮੰਨਦੇ ਸਨ, ਜਿਸਦਾ ਦੇਹਾਂਤ ਪਿਛਲੇ ਸਾਲ ਹੋਇਆ।

ਰਾਧਾ ਸੁਆਮੀ ਜ਼ਾਤ-ਪਾਤ, ਛੂਤ-ਛਾਤ ਨਹੀਂ ਮੰਨਦੇ, ਸਿਵਲ ਮੈਰਿਜ ਅਨੁਸਾਰ ਸ਼ਾਦੀ ਕਰਦੇ ਹਨ।

---

੧. ਦੇਖੋ *ਡਾਇਰੀ ਸ੍ਰੀ ਅਨੰਦ ਸਰੂਪ*, ੨੭ ਦਸੰਬਰ ੧੯੩੦ ਈ: ਅਤੇ *ਪ੍ਰੇਮ ਪ੍ਰਚਾਰਕ*, ੯ ਮਾਰਚ ੧੯੩੧ ਈ:।

੭.

ਬਿਆਸ ਦੀ ਗੱਦੀ

ਹੁਣ ਅਸੀਂ ਪੰਜਾਬ ਵਿਚ ਰਾਧਾ ਸੁਆਮੀਆਂ ਦੀ ਬਿਆਸ 'ਚ ਜੋ ਗੱਦੀ ਹੈ, ਉਸ ਦਾ ਵਰਣਨ ਕਰਨਾ ਚਾਹੁੰਦੇ ਹਾਂ।

ਬਾਬਾ ਜੈਮਲ ਸਿੰਘ

ਸੁਆਮੀ ਸ਼ਿਵ ਦਿਆਲ ਦੇ ਦੋ ਮੁਖੀ ਚੇਲੇ ਸਨ—ਇਕ ਰਾਇ ਸਾਲਗਰਾਮ, ਦੂਸਰੇ ਬਾਬਾ ਜੈਮਲ ਸਿੰਘ ਪਿੰਡ ਘੁਮਾਣ, ਜ਼ਿਲ੍ਹਾ ਗੁਰਦਾਸਪੁਰ। ਬਾਬਾ ਜੀ ੧੮੫੭ ਦੇ ਗ਼ਦਰ ਸਮੇਂ ਸਿਖ ਫ਼ੌਜ ਵਿਚ ਨੌਕਰ ਸਨ। ਉਸ ਫ਼ੌਜ ਦੇ ਆਗਰੇ ਵਿਚ ਹੋਣ ਕਰਕੇ ਸਵਾਮੀ ਜੀ ਨਾਲ ਆਪ ਦਾ ਸੰਬੰਧ ਕਾਇਮ ਹੋਇਆ। ਸ੍ਰੀ ਸ਼ਿਵ ਦਿਆਲ ਦੇ ਚਲਾਣੇ ਬਾਦ ਰਾਇ ਸਾਲਗਰਾਮ ਆਗਰੇ ਵਿਚ ਗੁਰੂ ਬਣ ਗਏ। ਬਾਬਾ ਜੈਮਲ ਸਿੰਘ ਫ਼ੌਜ ਦੀ ਨੌਕਰੀ ਤੋਂ ਰੀਟਾਇਰ ਹੋ ਕੇ ੧੮੯੧ ਈ: ਵਿਚ ਜ਼ਿਲ੍ਹਾ ਅੰਮ੍ਰਿਤਸਰ ਵਿਚ ਦਰਿਆ ਬਿਆਸ ਦੇ ਕੰਢੇ ਪਿੰਡ ਵੜੈਚ ਅਤੇ ਬਲ ਸਰਾਂ ਦੇ ਲਾਗੇ ਆ ਟਿਕੇ। ਉਥੇ ਉਨ੍ਹਾਂ ਨੇ ਭਜਨ ਤਪ ਸ਼ੁਰੂ ਕਰ ਦਿੱਤਾ।

ਬਲ ਸਰਾਂ ਦੇ ਸਿੱਖਾਂ ਨੇ ਬਾਬਾ ਜੈਮਲ ਸਿੰਘ ਨੂੰ ਸਿਖ ਸਾਧ ਸਮਝ ਕੇ ਪਿੰਡ ਦੀ ਸਾਂਝੀ ਜ਼ਮੀਨ ਵਿਚੋਂ ਧਰਮਸਾਲਾ ਬਣਾਉਣ ਲਈ ਗਿਆਰਾਂ ਕਨਾਲ ਸੋਲ੍ਹਾਂ ਮਰਲੇ ਜ਼ਮੀਨ ਦੀ ਰਜਿਸਟਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਕਰਕੇ ਦਿੱਤੀ। ੧੪ ਜੂਨ ੧੮੯੭ ਈ: ਨੂੰ ਇਸ ਜ਼ਮੀਨ ਦੀ ਰਜਿਸਟਰੀ ਨੰਬਰ ੨੫੪ ਗੁਰੂ ਗ੍ਰੰਥ ਸਾਹਿਬ ਦੇ ਨਾਮ ਹੋਈ। ਉਸ ਵਿਚ ਲਿਖਿਆ ਹੈ :

ਗੁਰੂ ਗ੍ਰੰਥ ਸਾਹਿਬ ਵਾਕਿਆ ਧਰਮਸਾਲਾ ਮੁਤਜਿਮ ਬਾਇ ਹਤਮਾਮ ਜੈਮਲ ਸਿੰਘ ਸਾਧ ਜੱਟ।' ਇਸ ਦੇ ਇੰਤਕਾਲ ਦੀ ਤਸਦੀਕ ਵਿਚ ਦਰਜ ਹੈ—ਭਾਈ ਜੈਮਲ ਸਿੰਘ ਨੂੰ ਇਹ ਜ਼ਮੀਨ ਰਹਿਣ ਜਾਂ ਬੈਅ ਕਰਨ ਦਾ ਹੱਕ ਹਾਸਲ ਨਹੀਂ

ਹੈ। ਤਾਕਿ ਆਮ ਧਰਮਸਾਲਾ ਮੁਤੱਲਕਾ ਧਰਮਸਾਲਾ ਰਹੇਗੀ।

ਬਲ ਸਰਾਂ ਦੇ ਜਿਨ੍ਹਾਂ ਮੁਖੀਆਂ ਨੇ ਇਹ ਜ਼ਮੀਨ ਗੁਰੂ ਗ੍ਰੰਥ ਸਾਹਿਬ ਦੇ ਨਾਂ ਰਜਿਸਟਰੀ ਕੀਤੀ, ਉਨ੍ਹਾਂ ਦੇ ਨਾਮ ਹਨ—ਲਾਲੂ ਨੰਬਰਦਾਰ, ਮਤਾਬ ਸਿੰਘ, ਭਾਨ ਸਿੰਘ, ਬੂੜ ਸਿੰਘ, ਸ਼ੇਰ ਸਿੰਘ ਅਤੇ ਗੁਰਦਿਤ ਸਿੰਘ।

ਉਨ੍ਹਾਂ ਦਿਨਾਂ ਵਿਚ ਨਾ ਤਾਂ ਬਾਬਾ ਜੈਮਲ ਸਿੰਘ ਨੇ ਕਿਹਾ ਕਿ ਮੇਰਾ ਮਤ ਸਿੱਖੀ ਨਾਲੋਂ ਵਖਰਾ ਹੈ, ਨਾ ਹੀ ਲੋਕਾਂ ਨੇ ਇਹ ਸਮਝਿਆ ਕਿ ਉਹ ਰਾਧਾ ਸੁਆਮੀ ਹਨ। ਬਾਬਾ ਜੈਮਲ ਸਿੰਘ ਦੇ ਲਿਖੇ ਹੋਏ 'ਪਰਮਾਰਥੀ ਪੱਤਰ' ਹਨ, ਜੋ ਬਿਆਸ ਵਾਲਿਆਂ ਨੇ ਛਾਪੇ ਹਨ। ਉਨ੍ਹਾਂ ਵਿਚੋਂ ਆਰੰਭਕ ਪੱਤਰਾਂ ਉਤੇ '੧ੴ ਸਤਿਗੁਰ ਪ੍ਰਸਾਦਿ' ਦਾ ਸਿਰਲੇਖ ਦਰਜ ਹੈ। ਰਾਧਾ ਸੁਆਮੀ ਧਾਮ ਦੀ ਬਜਾਏ ਬਾਬਾ ਜੈਮਲ ਸਿੰਘ ਨੇ ਸਭ ਤੋਂ ਉੱਚੀ ਆਤਮਿਕ ਅਵਸਥਾ ਲਈ ਗੁਰੂ ਨਾਨਕ ਦੇਵ ਜੀ ਦਾ 'ਸਚ ਖੰਡ' ਸ਼ਬਦ ਵਰਤਿਆ ਹੈ, ਜੋ ਜਪੁਜੀ ਦੇ ਅੰਤ ਵਿਚ ਵਰਣਨ ਕੀਤਾ ਹੈ।

ਸੰਨ ੧੯੦੩ ਵਿਚ ਬਾਬਾ ਜੈਮਲ ਸਿੰਘ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਥਾਂ ਬਾਬੂ ਸਾਵਣ ਸਿੰਘ ਜਾਨਸ਼ੀਨ ਬਣੇ। ੧੦ ਮਈ ੧੯੦੫ ਈ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਧਰਮਸਾਲਾ ਦੀ ਹੋਈ ਰਜਿਸਟਰੀ ਦਾ ਇੰਤਕਾਲ ਨੰਬਰ ਪ੩੬ ਹੋਇਆ। ਉਸ ਵਿਚ ਵੀ ਦਰਜ ਹੈ ਕਿ 'ਸਾਵਣ ਸਿੰਘ ਚੇਲਾ ਜੈਮਲ ਸਿੰਘ ਬਰਾਏ ਮੋਹਤਮਿਮੋਂ' ਡੇਰੇ ਵਾਲੀ ਅਸਲ ਥਾਂ ਗੁਰੂ ਗ੍ਰੰਥ ਸਾਹਿਬ ਦੇ ਨਾਂ ਹੀ ਰਹੀ। ਇਸ ਨੂੰ ਬਾਅਦ ਵਿਚ ਬਦਲਣ ਦਾ ਜਤਨ ਕੀਤਾ ਗਿਆ।

ਬਾਬੂ ਸਾਵਣ ਸਿੰਘ

ਬਾਬੂ ਸਾਵਣ ਸਿੰਘ ਜੀ ਦਾ ਜਨਮ ੨੭ ਜੁਲਾਈ ੧੮੫੮ ਈ: ਨੂੰ ਪਿੰਡ ਮਹਿਮਾ ਸਿੰਘ ਵਾਲਾ ਜ਼ਿਲ੍ਹਾ ਲੁਧਿਆਣੇ ਵਿਚ ਸਰਦਾਰ ਕਾਬਲ ਸਿੰਘ ਗਰੇਵਾਲ ਦੇ ਘਰ ਹੋਇਆ। ਇਨ੍ਹਾਂ ਨੇ ਗੁਜਰਵਾਲ ਦੇ ਸਕੂਲ ਵਿਚ ਮੈਟ੍ਰਿਕ ਪਾਸ ਕੀਤੀ। ਫ਼ੌਜੀ ਸਕੂਲ ਫ਼ਰਖਾਬਾਦ (ਯੂ.ਪੀ.) ਵਿਚ ਦੋ ਸਾਲ ਟੀਚਰ ਰਹੇ। ਸੰਨ ੧੮੮੪ ਵਿਚ ਥਾਮਸ ਕਾਲਜ ਰੁੜਕੀ ਵਿਚ ਦਾਖ਼ਲ ਹੋ ਕੇ ਓਵਰਸੀਅਰ ਦਾ ਇਮਤਿਹਾਨ ਪਾਸ ਕੀਤਾ। ਉਪਰੰਤ ਨੌਸ਼ਹਿਰਾ ਛਾਵਣੀ ਵਿਚ ਐਮ.ਈ.ਐਸ. ਵਿਚ ਓਵਰਸੀਅਰ ਲਗੇ। ਨੌਸ਼ਹਿਰਾ, ਰਾਵਲਪਿੰਡੀ, ਕੋਹਮਰੀ, ਐਬਟਾਬਾਦ ਆਦਿਕ ਥਾਵਾਂ 'ਤੇ ਕੰਮ ਕੀਤਾ। ਓਵਰਸੀਅਰ ਹੋਣ ਕਰਕੇ ਲੋਕ ਆਪ ਨੂੰ 'ਬਾਬੂ ਜੀ' ਕਹਿੰਦੇ ਸਨ। ਸੰਨ ੧੮੯੪ ਵਿਚ ਕੋਹਮਰੀ ਵਿਚ ਬਾਬਾ ਜੈਮਲ ਸਿੰਘ ਜੀ ਨੂੰ ਮਿਲੇ ਤੇ ਉਨ੍ਹਾਂ ਦੇ ਸਤਸੰਗੀ ਬਣ ਗਏ। ੧੯੦੩ ਈ: ਵਿਚ ਬਾਬਾ ਜੀ ਦੇ ਦੇਹਾਂਤ

ਬਾਅਦ ਉਨ੍ਹਾਂ ਦੇ ਉਤਰ-ਅਧਿਕਾਰੀ ਬਣ ਗਏ। ਸੰਨ ੧੯੧੧ ਵਿਚ ਐਸ.ਡੀ.ਓ. ਦੀ ਪਦਵੀ ਤੋਂ ਰੀਟਾਇਰ ਹੋ ਕੇ ਬਿਆਸ ਵਿਚ ਆ ਟਿਕੇ ਅਤੇ ਉਥੇ ਰਾਧਾ ਸੁਆਮੀ ਮਤ ਦਾ ਪ੍ਰਚਾਰ ਕਰਨ ਲਗ ਪਏ।

ਪੰਜਾਬ ਵਿਚ ਸਿਖ ਸਤਿਗੁਰੂਆਂ ਅਤੇ ਗੁਰਸਿਖੀ ਦਾ ਬੜਾ ਪ੍ਰਭਾਵ ਹੈ। ਦੂਸਰੇ ਬਾਬਾ ਜੈਮਲ ਸਿੰਘ ਅਤੇ ਬਾਬੂ ਸਾਵਣ ਸਿੰਘ ਦੋਵੇਂ ਖ਼ਾਨਦਾਨੀ ਤੌਰ 'ਤੇ ਸਿਖ ਸਨ। ਗੁਰਬਾਣੀ ਦੀ ਓਟ ਲੈਂਦੇ ਸਨ।

ਇਸ ਵਾਸਤੇ ਕੁਝ ਸਿਖ ਵੀ ਇਨ੍ਹਾਂ ਦੇ ਅਸਰ ਹੇਠ ਆਏ। ਬਾਬੂ ਸਾਵਣ ਸਿੰਘ ਜੀ ਦੇ ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ ਆਦਿਕ ਅਕਾਲੀ ਲੀਡਰਾਂ ਨਾਲ ਚੰਗੇ ਸੰਬੰਧ ਸਨ। ਅਸੀਂ ਬਾਬੂ ਜੀ ਦੇ ਰਾਵਲਪਿੰਡੀ ਤੇ ਐਬਟਾਬਾਦ ਦੇ ਇਕ ਦੌਰੇ ਵਿਚ ਸਿੰਘ ਸਭਾ ਰਾਵਲਪਿੰਡੀ ਤੇ ਐਬਟਾਬਾਦ ਵਲੋਂ ਰਾਧਾ ਸੁਆਮੀ ਮਤ ਦੀ ਅਸਲੀਅਤ ਬਿਆਨ ਕਰਨ ਲਈ ਸ਼੍ਰੋਮਣੀ ਕਮੇਟੀ ਵਲੋਂ ਉਥੇ ਗਏ। ਬਾਬੂ ਸਾਵਣ ਸਿੰਘ ਸਿਖ ਲੀਡਰਾਂ ਦੇ ਸਾਹਮਣੇ ਹਮੇਸ਼ਾ ਇਹ ਕਹਿੰਦੇ ਸਨ ਕਿ "ਮੈਂ ਤਾਂ ਗੁਰੂ ਨਾਨਕ ਸਾਹਿਬ ਦੇ ਮਤ ਅਤੇ ਗੁਰਬਾਣੀ ਦਾ ਪ੍ਰਚਾਰ ਕਰਦਾ ਹਾਂ।" ਪਰ ਉਹ ਸੁਆਮੀ ਸ਼ਿਵ ਦਿਆਲ ਨੂੰ ਵੀ ਮੰਨਦੇ ਸਨ। ਰਾਧਾ ਸੁਆਮੀਆਂ ਵਾਂਗੂ ਪੰਜ ਨਾਮ ਦਿੰਦੇ ਸਨ। ਦੇਹਧਾਰੀ ਗੁਰੂ ਦੇ ਕਾਇਲ ਸਨ। ਆਗਰੇ ਵਾਲਿਆਂ ਨਾਲ ਉਹ ਕਾਫ਼ੀ ਮਤ-ਭੇਦ ਰਖਦੇ ਸਨ। ਸਿਖ ਹੋਣ ਕਰਕੇ ਤੇ ਆਲਾ ਦੁਆਲਾ ਸਿਖ ਹੋਣ ਕਰਕੇ ਗੁਰਬਾਣੀ ਦੇ ਸ਼ਬਦਾਂ ਦੀ ਕਥਾ ਕਰਦੇ ਸਨ।

੨੬ ਨਵੰਬਰ ੧੯੩੮ ਈ: ਦੀ ਗੱਲ ਹੈ ਕਿ ਸ੍ਰੀ ਅਨੰਦ ਸਰੂਪ ਆਗਰੇ ਵਾਲੇ ਬਿਆਸ ਆਏ। ਦੋਹਾਂ ਪਾਰਟੀਆਂ ਦਾ ਇਕੱਠਾ ਸਤਿਸੰਗ ਹੋਇਆ। ਅਸੀਂ ਉਸ ਨੂੰ ਸੁਣਨ ਲਈ ਗਏ। ਬਾਬੂ ਸਾਵਣ ਸਿੰਘ ਨੇ ਸ੍ਰੀ ਅਨੰਦ ਸਰੂਪ ਨੂੰ ਕਿਹਾ ਕਿ ਆਪ *ਸਾਰ ਬਚਨ* ਵਿਚੋਂ ਕਥਾ ਸੁਣਾਉ। ਅਸੀਂ ਗੁਰਬਾਣੀ ਵਿਚੋਂ ਸੁਣਾਵਾਂਗੇ।

ਸ੍ਰੀ ਅਨੰਦ ਸਰੂਪ ਨੇ ਕਿਹਾ—"ਇਸਦਾ ਮਤਲਬ ਇਹ ਹੈ ਕਿ ਜੋ ਕੁਝ ਸੁਆਮੀ ਜੀ ਨੇ *ਸਾਰ ਬਚਨ* ਵਿਚ ਬਿਆਨ ਕੀਤਾ ਹੈ, ਗੁਰਬਾਣੀ ਵਿਚ ਵੀ ਹੈ। ਫਿਰ ਰਾਧਾ ਸੁਆਮੀ ਮਤ ਦੀ ਕੀ ਲੋੜ ਸੀ ?

ਬਾਬੂ ਸਾਵਣ ਸਿੰਘ ਨੇ ਉਤਰ ਦਿੱਤਾ—"ਗੁਰਬਾਣੀ ਵਿਚ ਸ਼ਬਦ ਸੁਰਤਿ ਦਾ ਅਭਿਆਸ ਦਸਿਆ ਗਿਆ ਹੈ। ਸੁਆਮੀ ਜੀ ਤੋਂ ਪਹਿਲੇ ਹੋਏ ਸੰਤ ਮਹਾਤਮਾਂ ਵੀ ਭਜਨ ਦੀ ਯੁਗਤੀ ਦੱਸਦੇ ਸਨ। ਸਾਰੇ ਸੰਤਾਂ ਦਾ ਮਤ ਇਕੋ ਹੀ ਹੈ।"

ਦੋ-ਚਾਰ ਮਿੰਟ ਦੀ ਗੱਲ ਬਾਤ ਦੇ ਬਾਅਦ ਸ੍ਰੀ ਅਨੰਦ ਸਰੂਪ ਨੇ *ਸਾਰ ਬਚਨ*

ਵਿਚੋਂ "ਜਗ ਮਹਿ ਘੋਰ ਅੰਧੇਰਾ ਭਾਈ" ਦੇ ਬਚਨ ਦੀ ਕਥਾ ਕੀਤੀ। ਉਪਰੰਤ ਬਾਬੂ ਸਾਵਣ ਸਿੰਘ ਦੇ ਦੋ ਪ੍ਰੇਮੀਆਂ ਨੇ ਬੜੀ ਮਧੁਰ ਸੁਰ ਵਿਚ "ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ" ਦਾ ਸ਼ਬਦ ਪੜ੍ਹਿਆ। ਉਸ ਵਕਤ ਲੋਕਾਂ ਦੇ ਮਨਾਂ ਵਿਚ ਗੁਰੂ ਭਗਤਿ ਤੇ ਸੇਵਾ ਦਾ ਅਥਾਹ ਸਾਗਰ ਠਾਠਾਂ ਮਾਰਨ ਲਗ ਪਿਆ। ਗੁਰਬਾਣੀ ਦੇ ਪਾਠ ਨਾਲ ਹੀ ਅਕਹਿ ਰਸ ਪੈਦਾ ਹੋ ਗਿਆ।

ਬਾਬੂ ਸਾਵਣ ਸਿੰਘ ਨੇ ਗੁਰਬਾਣੀ ਦੇ ਸ਼ਬਦ ਇਕੱਤਰ ਕਰਕੇ ਦੋ ਪੁਸਤਕਾਂ ਲਿਖੀਆਂ ਹਨ—ਇਕ ਦਾ ਨਾਮ ਹੈ *ਸ਼ਬਦ ਦੀ ਮਹਿਮਾ ਦੇ ਸ਼ਬਦ*, ਦੂਸਰੀ ਦਾ ਨਾਂ ਹੈ *ਗੁਰਮਤਿ ਸਿਧਾਂਤ*, ਇਹ ਕੋਈ ੯੦੦ ਸਫ਼ੇ ਤੋਂ ਵਧੀਕ ਦੀ ਪੋਥੀ ਹੈ।

ਇਕ ਗੱਲ ਸਪੱਸ਼ਟ ਕਰਨੀ ਚਾਹੁੰਦੇ ਹਾਂ ਕਿ ਬਿਆਸ ਵਾਲੀ ਗੱਦੀ ਦੇ ਰਾਧਾ ਸੁਆਮੀ ਵੀ ਦੇਹਧਾਰੀ ਗੁਰੂ ਅਤੇ ਸ਼ਖ਼ਸੀ ਪੂਜਾ ਉਤੇ ਨਿਸਚਾ ਰਖਦੇ ਹਨ। ਗੁਰਬਾਣੀ ਨੂੰ ਗੁਰਮਤਿ ਦਰਸਾਉਣ ਲਈ ਨਹੀਂ ਪੜ੍ਹਦੇ, ਬਲਕਿ ਆਪਣੇ ਗੁਰੂ-ਡੰਮ੍ਹ ਦੇ ਪ੍ਰਚਾਰ ਹਿਤ ਵਰਤਦੇ ਹਨ। ਗੁਰਸਿਖੀ ਦਾ ਸਿਧਾਂਤ ਹੈ—"ਬਾਣੀ ਗੁਰੂ ਗੁਰੂ ਹੈ ਬਾਣੀ" ਪਰ ਬਿਆਸ ਵਾਲੇ ਇਸ ਨੂੰ ਨਹੀਂ ਮੰਨਦੇ। ਦਸਮ ਪਾਤਿਸ਼ਾਹ ਨੇ ਪੰਜ ਪਿਆਰੇ ਸਾਜ ਕੇ ਉਨ੍ਹਾਂ ਨੂੰ ਗੁਰ-ਮੰਤ੍ਰ ਤੇ ਅੰਮ੍ਰਿਤ ਛਕਾਣ ਦਾ ਅਧਿਕਾਰ ਦੇ ਕੇ ਸ਼ਖ਼ਸੀ ਗੁਰਤਾ ਨੂੰ ਪੰਥ ਵਿਚ ਮੁੰਤਕਿਲ ਕੀਤਾ ਹੈ। ਪਰ ਬਿਆਸ ਵਾਲੇ 'ਸਿੰਘ' ਨਾਮ ਰਖਾ ਕੇ ਤੇ ਰੂਪ ਧਾਰ ਕੇ ਗੁਰਬਾਣੀ ਪੜ੍ਹਦੇ ਹੋਏ ਵੀ ਦਸਮ ਪਾਤਿਸ਼ਾਹ ਦੀ ਸਿੱਖੀ ਤੋਂ ਇਨਕਾਰੀ ਹਨ। ਇਹ ਆਪਣਾ ਮੂਲ-ਮੰਤ੍ਰ '੧ੴ ਸਤਿਨਾਮੁ ਕਰਤਾ ਪੁਰਖੁ' ਤੇ ਗੁਰ-ਮੰਤ੍ਰ 'ਵਾਹਿਗੁਰੂ' ਨਹੀਂ ਮੰਨਦੇ।

ਪਿਛੇ ਅਸੀਂ ਆਗਰੇ ਵਾਲੇ ਸ੍ਰੀ ਅਨੰਦ ਸਰੂਪ ਦੀ ਡਾਇਰੀ ਵਿਚੋਂ ਦਸ ਆਏ ਹਾਂ ਕਿ ਉਹ ਬਾਬੂ ਸਾਵਣ ਸਿੰਘ ਬਿਆਸ ਬਾਰੇ ਕਹਿੰਦੇ ਸਨ ਕਿ ਇਨ੍ਹਾਂ ਨੂੰ ਰਾਧਾ ਸੁਆਮੀ ਨਾਮ ਅਤੇ ਧੁਨੀ ਦਾ ਕੋਈ ਪਤਾ ਨਹੀਂ। ਬਾਬੂ ਜੀ ਵੀ ਆਪਣੀ ਪੁਸਤਕ *ਗੁਰਮਤਿ ਸਿਧਾਂਤ* ਵਿਚ ਰਾਧਾ ਸੁਆਮੀ ਨਾਮ ਨੂੰ ਧੁਨਾਤਮਿਕ ਮੰਨਣ ਤੋਂ ਇਨਕਾਰ ਕਰਦੇ ਹੋਏ ਸਫ਼ਾ ੬੭ ਉਤੇ ਲਿਖਦੇ ਹਨ—"ਸਤਿਨਾਮ ਸੱਚੇ ਮਾਲਕ ਦਾ ਨਾਮ ਹੈ, ਜੋ ਖੰਡਾਂ ਬ੍ਰਹਮੰਡਾਂ ਨੂੰ ਲਈ ਖੜਾ ਹੈ ਤੇ ਹਰ ਇਕ ਦੇ ਅੰਦਰ ਧੁਨਕਾਰਾਂ ਦੇ ਰਿਹਾ ਹੈ। ਉਹ ਧੁਨਾਤਮਿਕ ਨਾਮ ਹੈ। ਜਿਸਦੀ ਧੁਨ ਘਟ ਘਟ ਵਿਚ ਹੋ ਰਹੀ ਹੈ। ਜੋ ਮਾਲਕ ਨਾਲ ਮਿਲਾਣ ਦੀ ਡੋਰੀ ਹੈ।"

ਇਸ ਤੋਂ ਸਪੱਸ਼ਟ ਹੈ ਕਿ ਬਾਬੂ ਸਾਵਣ ਸਿੰਘ ਜੀ 'ਸਤਿਨਾਮੁ' ਨੂੰ ਧੁਨਾਤਮਿਕ ਨਾਮ ਮੰਨਦੇ ਸਨ। ਉਸ ਦੀ ਧੁਨਕਾਰ ਹੋਣ 'ਤੇ ਯਕੀਨ ਰਖਦੇ ਸਨ ਤੇ ਦਿਆਲ ਬਾਗ ਆਗਰੇ ਵਾਲੇ 'ਰਾਧਾ ਸੁਆਮੀ' ਨਾਮ ਨੂੰ ਧੁਨਾਤਮਿਕ ਦੱਸਦੇ

ਹਨ। ਇਹ ਬਿਆਸ ਅਤੇ ਆਗਰੇ ਵਾਲੇ ਰਾਧਾ ਸੁਆਮੀਆਂ ਵਿਚ ਇਕ ਬੁਨਿਆਦੀ ਮਤ-ਭੇਦ ਹੈ।

ਗੁਰੂ-ਡੰਮ੍ਹ ਦੇ ਕਾਰਨ ਬਾਬੂ ਸਾਵਣ ਸਿੰਘ ਜੀ ਤੇ ਉਨ੍ਹਾਂ ਦੇ ਉਤਰ-ਅਧਿਕਾਰੀ ਦੇਹਧਾਰੀ ਗੁਰੂ ਉਪਰ ਨਿਸਚਾ ਕਰਦੇ ਹਨ। *ਗੁਰਮਤਿ ਸਿਧਾਂਤ* ਦੇ ਪੰਨਾ ੬੬ ਉਪਰ ਬਾਬੂ ਜੀ ਲਿਖਦੇ ਹਨ—"ਗ੍ਰੰਥ ਪੋਥੀਆਂ ਸਾਨੂੰ ਸਤਿ ਦੀ ਛੋਹ ਨਹੀਂ ਦੇ ਸਕਦੀਆਂ।"

ਰਾਧਾ ਸੁਆਮੀਆਂ ਦੀ ਇਹ ਦਲੀਲ ਇਸ ਲਈ ਗ਼ਲਤ ਅਤੇ ਆਪਾ ਵਿਰੋਧੀ ਹੈ ਕਿ ਇਕ ਪਾਸੇ ਉਹ ਆਪ *ਸਾਰ ਬਚਨ* ਅਤੇ ਹੋਰ ਪੋਥੀਆਂ ਛਾਪ ਕੇ ਲੋਕਾਂ ਨੂੰ ਦਿੰਦੇ ਤੇ ਉਨ੍ਹਾਂ ਦੀ ਕਥਾ ਸੁਣਾਂਦੇ ਹਨ। ਜੇ ਗ੍ਰੰਥਾਂ ਦੇ ਸਤਿ ਦੀ ਛੋਹ ਨਹੀਂ ਪ੍ਰਾਪਤ ਹੋ ਸਕਦੀ ਤਾਂ ਫਿਰ ਉਨ੍ਹਾਂ ਦੇ ਛਾਪਣ ਤੇ ਕਥਾ ਕਰਨ ਦਾ ਕੀ ਲਾਭ ਹੈ?

ਹਜ਼ਾਰਾਂ ਬਰਸਾਂ ਦੇ ਅਨੁਭਵ ਅਤੇ ਤਜਰਬੇ ਦੇ ਬਾਅਦ ਮਨੁੱਖਤਾ ਪਾਸ ਜੋ ਗਿਆਨ ਪ੍ਰਕਾਸ਼ਮਾਨ ਹੋਇਆ ਹੈ, ਤੇ ਸੁਰੱਖਿਅਤ ਹੈ, ਉਹ ਦੋ ਤਰੀਕਿਆਂ ਨਾਲ ਹੀ ਹੋਇਆ ਹੈ—ਇਕ ਬਾਣੀ ਰੂਪ ਵਿਚ ਸ੍ਰੋਤ ਰਾਹੀਂ ਜਾਂ ਸੀਨੇ-ਬ-ਸੀਨੇ ਚੇਤੇ ਰਖ ਕੇ, ਦੂਸਰੇ ਲਿਖਤ ਅਰਥਾਤ ਗ੍ਰੰਥ ਰੂਪ ਵਿਚ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ:

ਪੋਥੀ ਪਰਮੇਸੁਰ ਕਾ ਥਾਨੁ.....

ਪ੍ਰਸਿੱਧ ਵਿਚਾਰਵਾਨ ਕਾਰਲਾਇਲ ਦਾ ਕਥਨ ਹੈ:

"ਅਸੀਂ ਮਹਾਂ ਪੁਰਸ਼ਾਂ ਦੇ ਆਤਮਿਕ ਦਰਸ਼ਨ ਉਨ੍ਹਾਂ ਦੀ ਬਾਣੀ ਵਿਚੋਂ ਕਰ ਸਕਦੇ ਹਾਂ।"

ਰਾਧਾ ਸੁਆਮੀਆਂ ਦੀ ਇਕ ਪੁਸਤਕ ਹੈ:

ਛਾਂਟੇ ਹੂਏ ਬਚਨ, ਉਸ ਵਿਚ ਲਿਖਿਆ ਹੈ: "ਹਮੇਂ ਕਿਉਂ ਕਰ ਯਕੀਨ ਹੋ ਕਿ ਸਤ ਪੁਰਖ ਰਾਧਾ ਸੁਆਮੀ ਕਾ ਦਰਜਾ ਬ੍ਰਹਮੇਸ਼ਰ ਔਰ ਖ਼ੁਦਾ ਸੇ ਊਂਚਾ ਔਰ ਬੜਾ ਹੈ।"

ਉੱਤਰ ਵਿਚ ਲਿਖਿਆ ਹੈ:

"ਉਨ ਕੀ ਬਾਣੀ ਕੋ ਵੇਦ, ਪੁਰਾਨ, ਕੁਰਾਨ, ਅੰਜੀਲ ਵਗ਼ੈਰਾ ਕੁਲ ਕਿਤਾਬੋਂ ਸੇ ਮੀਲਾਨ ਕਰਨੇ ਸੇ।"

ਇਥੇ ਬਾਣੀ ਤੇ ਗ੍ਰੰਥ ਨੂੰ ਹੀ ਪ੍ਰਮਾਣ ਮੰਨਿਆ ਗਿਆ ਹੈ। ਇਹ ਬਾਬੂ ਸਾਵਣ ਸਿੰਘ ਦੀ ਲਿਖਤ ਦੀ ਤਰਦੀਦ ਹੈ।

੧੯੪੭ ਈ: ਵਿਚ ਬਾਬੂ ਸਾਵਣ ਸਿੰਘ ਨੇ ਕਈ ਸਾਥੀਆਂ ਨੂੰ ਕਿਹਾ ਕਿ ਮੇਰੇ ਉਤਰ-ਅਧਿਕਾਰੀ ਸੰਤ ਕ੍ਰਿਪਾਲ ਸਿੰਘ ਹੋਣਗੇ। ੨ ਅਪ੍ਰੈਲ ੧੯੪੯ ਈ: ਨੂੰ ਬਾਬੂ ਜੀ ਦਾ ਦੇਹਾਂਤ ਹੋਇਆ।

ਸ: ਜਗਤ ਸਿੰਘ

ਬਾਬੂ ਜੀ ਦੇ ਪੋਤਰੇ ਸ: ਚਰਨ ਸਿੰਘ ਨੇ ਬਿਆਸ ਵਾਲੇ ਰਾਧਾ ਸੁਆਮੀਆਂ ਵਿਚ ਗੰਢ-ਤੁਪ ਕਰਕੇ ਆਪਣੀ ਪਾਰਟੀ ਬਣਾ ਲਈ। ਜੱਟ, ਗ਼ੈਰ ਜੱਟ ਦਾ ਸੁਆਲ ਖੜਾ ਕਰਕੇ ਸੰਤ ਕ੍ਰਿਪਾਲ ਸਿੰਘ ਨੂੰ ਛਾਂਟ ਕਰ ਦਿੱਤਾ। ਲਾਇਲਪੁਰ ਐਗਰੀਕਲਚਰ ਕਾਲਜ ਦੇ ਰੀਟਾਇਰਡ ਪ੍ਰੋਫ਼ੈਸਰ ਸ: ਬ: ਜਗਤ ਸਿੰਘ ਨੂੰ ਗੁਰੂ ਬਣਾਇਆ ਗਿਆ। ੧੯੫੧ ਈ: ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਸ: ਚਰਨ ਸਿੰਘ

ਸ: ਚਰਨ ਸਿੰਘ ਗੁਰੂ ਬਣ ਗਏ। ਉਨ੍ਹਾਂ ਦੇ ਵਿਰੁੱਧ ਵੀ ਇਕ ਪਾਰਟੀ ਖੜੀ ਹੋ ਗਈ ਹੈ। ਮਈ ੧੯੫੪ ਈ: ਵਿਚ ਪਿੰਡ ਬਲ ਸਰਾਂ ਦੇ ਸ: ਸਾਧੂ ਸਿੰਘ, ਸ: ਤੇਜਾ ਸਿੰਘ, ਦਰਸ਼ਨ ਸਿੰਘ ਗੁਰਦਾਸ ਮਲ ਨੇ ਸੀਨੀਅਰ ਸਬ ਜੱਜ ਦੀ ਅਦਾਲਤ ਵਿਚ ਇਕ ਕੇਸ ਦਾਇਰ ਕੀਤਾ ਕਿ ਡੇਰਾ ਬਾਬਾ ਜੈਮਲ ਸਿੰਘ ਦੀ ੧੧ ਕਨਾਲ, ੧੬ ਮਰਲੇ ਜ਼ਮੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਰਜਿਸਟਰੀ ਹੈ। ਉਥੇ ਪੁਰਾਤਨ ਮਰਯਾਦਾ ਕਾਇਮ ਰਖੀ ਜਾਏ। ੨੪ ਜੂਨ ੧੯੫੪ ਈ: ਨੂੰ ਸ: ਚਰਨ ਸਿੰਘ ਨੇ ਜਵਾਬੀ ਦਾਅਵੇ ਵਿਚ ਕਿਹਾ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਨਹੀਂ ਮੰਨਦੇ, ਇਹ ਸਾਡੀ ਨਿਜੀ ਜਾਇਦਾਦ ਹੈ। ਬੀੜ ਚੁੱਕ ਦਿੱਤੀ ਹੈ।

੧੯੫੭ ਈ: ਵਿਚ ਸ: ਚਰਨ ਸਿੰਘ ਨੇ ੩੦ ਏਕੜ ਜ਼ਮੀਨ ਦਾ ਕਾਨੂੰਨ ਲਾਗੂ ਹੋਣ ਉਪਰ 'ਰਾਧਾ ਸੁਆਮੀ ਸਤਸੰਗ ਬਿਆਸ ਸੁਸਾਇਟੀ' ਬਣਾਈ ਤੇ ਉਸਦੀ ਵੀਟੋ ਪਾਵਰ ਆਪਣੇ ਹੱਥ ਵਿਚ ਰਖੀ। ਇਸ ਉਪਰ ਆਗਰੇ ਵਾਂਗ ਬਿਆਸ ਦੇ ਰਾਧਾ ਸੁਆਮੀਆਂ ਵਿਚ ਵੀ ਇਕ ਪਾਰਟੀ ਹੋਰ ਬਣ ਗਈ ਹੈ, ਜੋ ਇਹ ਕਹਿੰਦੀ ਹੈ ਕਿ ਪਿੰਡ ਸਿਕੰਦਰਪੁਰ, ਤਹਿਸੀਲ ਸਰਸਾ ਵਿਚ ਬਾਬੂ ਸਾਵਣ ਸਿੰਘ ਨੇ ਜੋ ਜਾਇਦਾਦ ਤੇ ਜ਼ਮੀਨ ਬਣਾਈ ਹੈ, ਉਹ ਪੂਜਾ ਭੇਟ ਤੋਂ ਬਣੀ ਹੈ, ਉਹ ਸਤਿਸੰਗ ਦੀ ਮਲਕੀਅਤ ਹੈ। ਸ: ਚਰਨ ਸਿੰਘ ਕਹਿੰਦੇ ਹਨ ਕਿ ਮੈਂ ਉਸਦਾ ਵਾਹਦ ਮਾਲਕ ਹਾਂ। ਉਹ ਨਿਜੀ ਅਤੇ ਗੁਰਤਾ ਦੀ ਜਾਇਦਾਦ ਨੂੰ ਵਖ ਵਖ ਕਰਦੇ ਹਨ।

ਬਾਬੂ ਸਾਵਣ ਸਿੰਘ ਜੀ ਵਾਂਗ ਸ: ਚਰਨ ਸਿੰਘ ਵੀ ਸਿੰਘ ਰੂਪ ਵਿਚ ਹਨ। ਗੁਰਬਾਣੀ ਦੀ ਆੜ ਵਿਚ ਆਪਣਾ ਗੁਰੂ-ਡੰਮ੍ਹ ਪ੍ਰਚਾਰਦੇ ਹਨ।

ਬਾਬਾ ਬੱਗਾ ਸਿੰਘ

ਬਾਬਾ ਜੈਮਲ ਸਿੰਘ ਦੇ ਦੋ ਮੁਖੀ ਚੇਲੇ ਸਨ—ਇਕ ਬਾਬੂ ਸਾਵਣ ਸਿੰਘ ਤੇ ਇਕ ਸ: ਬੱਗਾ ਸਿੰਘ। ਦੋਹਾਂ ਵਿਚਕਾਰ ਮਤ-ਭੇਦ ਸੀ। ਬਾਬਾ ਬੱਗਾ ਸਿੰਘ ਨੇ ਤਰਨ ਤਾਰਨ ਵਿਚ ਆਪਣਾ ਵਖਰਾ ਡੇਰਾ ਬਣਾ ਲਿਆ। ਆਪ ਗੁਜ਼ਰ ਗਏ ਹਨ।

ਸੰਤ ਕ੍ਰਿਪਾਲ ਸਿੰਘ

ਬਿਆਸ ਦੀ ਗੱਦੀ ਨਾ ਮਿਲਣ ਕਰਕੇ ਸਰਦਾਰ ਕ੍ਰਿਪਾਲ ਸਿੰਘ ਨੇ ਗੁੜ ਮੰਡੀ ਦਿੱਲੀ ਵਿਚ ਸਾਵਣ ਆਸ਼੍ਰਮ ਬਣਾ ਲਿਆ ਹੈ। ਇਹ ਪਿਛੋਂ ਸੱਯਦ ਕੀ ਸਰਾਂ, ਜ਼ਿਲ੍ਹਾ ਰਾਵਲਪਿੰਡੀ ਦੇ ਹਨ। ਕੰਟਰੋਲਰ ਮਿਲਟਰੀ ਅਕਾਊਂਟਸ ਦੇ ਦਫ਼ਤਰ ਵਿਚ ਸਨ। ਚੰਗੇ ਅਹੁਦੇ ਤੋਂ ਰੀਟਾਇਰ ਹੋਏ ਹਨ। ਪੈਨਸ਼ਨ ਲੈਂਦੇ ਹਨ। ਇਹ ਦਿੱਲੀ ਵਿਚ ਰਾਧਾ ਸੁਆਮੀ ਮਤ ਦਾ ਪ੍ਰਚਾਰ ਕਰਦੇ ਹਨ।

ਸੰਤ ਕ੍ਰਿਪਾਲ ਸਿੰਘ ਚੰਗੇ ਬੋਲਣ ਤੇ ਲਿਖਣ ਵਾਲੇ ਹਨ। ਇਨ੍ਹਾਂ ਦੀਆਂ ਕਈ ਪੁਸਤਕਾਂ ਹਨ। ੧੭-੨੨ ਫ਼ਰਵਰੀ ੧੯੬੬ ਈ: ਨੂੰ ਪੈਰਸ ਵਿਚ ਚੌਥੇ ਵਿਸ਼ਵ ਧਰਮ ਸੰਮੇਲਨ ਦੇ ਪ੍ਰਧਾਨ ਸਨ। ਉਸ ਦੇ ਪ੍ਰਧਾਨਗੀ ਪੱਤ੍ਰ ਵਿਚ ਆਪ ਨੇ ਰਾਧਾ ਸੁਆਮੀ ਮਤ ਦਾ ਕੋਈ ਜ਼ਿਕਰ ਨਹੀਂ ਕੀਤਾ। ਹਜ਼ਰਤ ਈਸਾ ਦੇ ਬਚਨਾਂ ਅਤੇ ਗੁਰਬਾਣੀ ਦੇ ਵਾਕਾਂ :

(੧) **ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥**

(੨) **ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥**

ਦੀ ਵਿਆਖਿਆ, ਅਧਿਆਤਮਵਾਦ ਤੇ ਸੰਸਾਰ-ਵਿਆਪੀ ਸਾਂਝੇ ਧਰਮ ਦਾ ਵਰਣਨ ਕੀਤਾ। ਇਸ ਲਈ ਕਿ ਆਪ ਸਮਝਦੇ ਸਨ ਕਿ ਯੂਰਪ ਦੇ ਲੋਕਾਂ ਦਾ ਦ੍ਰਿਸ਼ਟੀਕੋਣ ਆਰਥਕ ਤੇ ਵਿਗਿਆਨਕ ਬਣ ਚੁੱਕਾ ਹੈ। ਉਹ ਆਲਤੀ ਪਾਲਤੀ ਆਸਨ, ਸੁੰਨ ਗੁਫ਼ਾ ਤੇ ਦਸਮ ਦੁਆਰ ਵਿਚ ਸੁਰਤਿ ਚੜ੍ਹਾਉਣ ਵਿਚ ਯਕੀਨ ਨਹੀਂ ਰਖਦੇ।

ਰਸਾਲਾ *ਸੱਤ ਸੰਦੇਸ਼* ਦਿੱਲੀ ਵਿਚ ਆਪਣੇ ਆਪ ਨੂੰ 'ਜ਼ਿੰਦਾ ਸੱਤ ਸਰੂਪ'

ਹਸਤੀ ਲਿਖਾਉਂਦੇ ਹਨ, ਜੋ ਗੁਰਮਤਿ ਅਤੇ ਭਾਰਤੀ ਫ਼ਿਲਾਸਫ਼ੀ ਦੇ ਉਲਟ ਹੈ।

ਸੱਤ ਸੰਦੇਸ਼ ਅਗਸਤ ੧੯੬੮ ਈ: ਦੇ ਸਫ਼ਾ ੩ 'ਤੇ ਲਿਖਿਆ ਹੈ—"ਧਿਆਨ ਵਿਚ ਬੈਠੇ ੨੫੦ ਨਰ ਨਾਰੀਆਂ ਨੂੰ ਬਾਬਾ ਸਾਵਣ ਸਿੰਘ ਤੇ ਸੰਤ ਕ੍ਰਿਪਾਲ ਸਿੰਘ ਦੇ ਦਰਸ਼ਨ ਹੋਏ। ਸਤਰਾਂ ਨੇ ਮੋਟਾ ਤਾਰਾ ਵੇਖਿਆ। ਕਈ ਚੰਨ ਨੂੰ ਵਿੰਨ੍ਹ ਕੇ ਪਰੇ ਨਿਕਲ ਗਏ।"

ਇਹ ਸ਼ਖ਼ਸੀ ਪੂਜਾ ਤੇ ਪੁਰਾਣੇ ਜੋਗ ਮਤ ਦੀਆਂ ਗ਼ਲਤ ਮਨੌਤਾਂ ਹਨ। ਸਾਡੇ ਰਾਧਾ ਸੁਆਮੀ ਚੰਨ ਤਾਰੇ ਅੰਦਰ ਦਿਖਾਉਂਦੇ ਹਨ। ਲੋਕੀਂ ਚੰਦ 'ਤੇ ਉਤਰ ਗਏ ਹਨ।

ਗੁਰੂ-ਡੰਮ੍ਹ ਦੇ ਕਾਰਣ ਬਿਆਸ ਵਾਲਿਆਂ ਦੀਆਂ ਵੀ ਤਿੰਨ ਗੱਦੀਆਂ ਬਣ ਗਈਆਂ ਹਨ।

੮.
ਅੰਤਿਕਾ

ਰਾਧਾ ਸੁਆਮੀ ਮਤ ਦੇ ਸਿਧਾਂਤ ਤੇ ਫੁਟਕਲ ਗੱਲਾਂ

੧. ਈਸ਼ਵਰ ਸਰਬ ਸ਼ਕਤੀਮਾਨ ਅਤੇ ਚੇਤੰਨ ਹੈ। ਉਸ ਦਾ ਸਦਾ ਵਿਕਾਸ ਹੁੰਦਾ ਰਹਿੰਦਾ ਹੈ।

੨. ਉਸ ਦਾ ਨਾਮ ਕੁਲ ਮਾਲਕ ਤੇ ਰਾਧਾ ਸੁਆਮੀ ਹੈ। ਮਨੁੱਖ ਦੀ ਸੁਰਤਿ ਰਾਧਾ ਹੈ। ਗੁਰੂ ਦੇ ਧਿਆਨ ਤੇ ਸ਼ਬਦ ਦੇ ਅਭਿਆਸ ਨਾਲ ਸੁਰਤਿ, ਰਾਧਾ ਸੁਆਮੀ ਧਾਮ ਤੀਕ ਪੁਜਦੀ ਹੈ।

੩. ਸ੍ਰਿਸ਼ਟੀ ਰਚਨਾ ਦੇ ਤਿੰਨ ਭਾਗ ਹਨ:
(ੳ) ਬ੍ਰਹਮੰਡ, (ਅ) ਪਿੰਡ, (ੲ) ਦਿਆਲ ਦੇਸ਼। ਕਾਲ ਨੇ ਦਿਆਲ ਦੀ ਸੇਵਾ ਕੀਤੀ। ਉਸ ਨੇ ਸੁਰਤਿ ਨੂੰ ਕਾਲ ਦੇ ਸਪੁਰਦ ਕਰ ਦਿੱਤਾ ਹੈ। ਹੁਣ ਕਾਲ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੈ।

੪. ਵਕਤ ਗੁਰੂ ਅਰਥਾਤ ਦੇਹਧਾਰੀ ਗੁਰੂ ਮੰਨਣਾ ਜ਼ਰੂਰੀ ਹੈ। ਗੁਰੂ ਦੀ ਪ੍ਰਸਾਦੀ (ਜੂਠ) ਖਾਣਾ ਪੁੰਨ ਕਰਮ ਹੈ।

੫. ਨਾਮ ਦੋ ਤਰ੍ਹਾਂ ਦਾ ਹੈ—ਇਕ ਵਰਣਾਤਮਿਕ, ਦੂਜਾ ਧੁਨਾਤਮਿਕ।

੬. ਰਾਧਾ ਸੁਆਮੀ ਧਾਮ ਤੀਕ ਪੁਜਣ ਲਈ ਤਿੰਨ ਮੁਖ ਸਾਧਨ ਹਨ—
(ੳ) ਗੁਰੂ ਭਗਤੀ, (ਅ) ਸ਼ਬਦ ਸੁਰਤਿ ਦਾ ਅਭਿਆਸ, (ੲ) ਸਤਿਸੰਗ।

੭. ਸਤਿਸੰਗ ਦੋ ਕਿਸਮ ਦਾ ਹੈ—ਅੰਤਰੀਵੀ ਤੇ ਬਾਹਰਮੁਖੀ। ਅੰਤਰੀਵੀ ਹੈ—ਦੇਹਧਾਰੀ ਗੁਰੂ ਦਾ ਧਿਆਨ ਤੇ ਸ਼ਬਦ ਵਿਚ ਸੁਰਤਿ ਨੂੰ ਜੋੜਨਾ। ਬਾਹਰਮੁਖੀ ਹੈ ਕਿਸੇ ਚੰਗੇ ਪੁਰਸ਼ ਦੀ ਸੰਗਤ ਕਰਨੀ, ਉਸ ਦੇ ਬਚਨ ਸੁਣਨੇ ਤੇ ਸੇਵਾ ਕਰਨੀ।